




ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition






Ludhiana, Thursday 26 February, 2026


Ludhiana, Thursday 26 February, 2026


website: www.cee7news.com


## ਜ਼ਰਕੰਡ ਦੇ ਪਾਕੁੜ ਜ਼ਿਲ੍ਹੇ ਵਿੱਚ ਇੱਕ ਦੁਖਦਾਈ ਹਾਦਸਾ ਵਾਪਰਿਆ ਹੈ ਜਿੱਥੇ ਇੱਕੋ ਪਰਿਵਾਰ ਦੇ ਤਿੰਨ ਮੈਂਬਰ ਵੰਦੇ ਭਾਰਤ ਐਕਸਪ੍ਰੈਸ ਟ੍ਰੇਨ ਦੇ ਹੇਠਾਂ ਆ ਕੇ ਮੌਤ ਦੇ ਘਾਟ ਉਤਰ ਗਏ।



ਜ਼ਰਕੰਡ ਦੇ ਪਾਕੁੜ ਜ਼ਿਲ੍ਹੇ ਵਿੱਚ ਇੱਕ ਦੁਖਦਾਈ ਹਾਦਸਾ ਵਾਪਰਿਆ ਹੈ ਜਿੱਥੇ ਇੱਕੋ ਪਰਿਵਾਰ ਦੇ ਤਿੰਨ ਮੈਂਬਰ ਵੰਦੇ ਭਾਰਤ ਐਕਸਪ੍ਰੈਸ ਟ੍ਰੇਨ ਦੇ ਹੇਠਾਂ ਆ ਕੇ ਮੌਤ ਦੇ ਘਾਟ ਉਤਰ ਗਏ। ਇਹ ਵਾਰਦਾਤ ਮੰਗਲਵਾਰ ਰਾਤ ਨੂੰ ਨਗਰਨਾਬੀ ਰੇਲਵੇ ਸਟੇਸ਼ਨ ਨੇੜੇ ਹੋਈ। ਮ੍ਰਿਤਕਾਂ ਦੀ ਪਛਾਣ ਚੰਦਨ ਸਰਦਾਰ (35 ਸਾਲ), ਉਸ ਦੀ ਪਤਨੀ ਰਿਮਪਾ (25 ਸਾਲ) ਅਤੇ ਉਨ੍ਹਾਂ ਦੀ ਤਿੰਨ ਸਾਲਾ ਧੀ ਅਰਪਿਤਾ ਵਜੋਂ ਹੋਈ ਹੈ। ਇਹ ਪਰਿਵਾਰ ਰਾਜਾ ਪਾੜਾ (ਕੁਝ ਰਿਪੋਰਟਾਂ ਅਨੁਸਾਰ ਕਲੀਤੱਲਾ ਮਹੱਲਾ) ਦਾ ਵਾਸੀ ਸੀ।

ਪੁਲਿਸ ਅਤੇ ਰੇਲਵੇ ਅਧਿਕਾਰੀਆਂ ਅਨੁਸਾਰ, ਇਹ ਪਰਿਵਾਰ ਰੇਲਵੇ ਟਰੈਕ ਪਾਰ ਕਰ ਰਿਹਾ ਸੀ ਜਦੋਂ ਨਿਊ ਜਲਪਾਈਗੁੜੀ ਤੋਂ ਹਾਓੜਾ ਜਾ ਰਹੀ ਵੰਦੇ ਭਾਰਤ ਐਕਸਪ੍ਰੈਸ ਟ੍ਰੇਨ ਨੇੜੇ ਆ ਰਹੀ ਸੀ। ਟਰੈਕ ਪਾਰ ਕਰਨ ਦੌਰਾਨ ਟ੍ਰੇਨ ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ ਅਤੇ ਤਿੰਨਾਂ ਨੂੰ ਮੌਕੇ 'ਤੇ ਹੀ ਮੌਤ ਹੋ ਗਈ। ਇਹ ਘਟਨਾ ਪੂਰਬੀ ਰੇਲਵੇ ਦੇ ਹਾਓੜਾ ਡਿਵੀਜ਼ਨ ਵਿੱਚ ਵਾਪਰੀ। ਇਸ ਹਾਦਸੇ ਤੋਂ ਬਾਅਦ ਰੇਲ ਪੁਲਿਸ (ਜੀ.ਆਰ.ਪੀ.) ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜੀ.ਆਰ.ਪੀ. ਸਬ-ਇੰਸਪੈਕਟਰ ਰਮੇਸ਼ ਕਿਸਕੂ ਨੇ ਦੱਸਿਆ ਕਿ ਮ੍ਰਿਤਕਾਂ ਦੇ ਸਰੀਰਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ।

## ਪੰਜਾਬ ਪੁਲਿਸ ਨੇ ਇੱਕ ਵੱਡੀ ਸਫਲਤਾ ਹਾਸਲ ਕੀਤੀ ਹੈ ਜਦੋਂ ਉਸ ਨੇ ਗੁਰਦਾਸਪੁਰ ਜ਼ਿਲ੍ਹੇ ਵਿੱਚ ਦੋ ਪੁਲਿਸ ਮੁਲਾਜ਼ਮਾਂ ਦੀ ਹੱਤਿਆ ਕਰਨ ਵਾਲੇ ਮੁਲਜ਼ਮਾਂ ਵਿੱਚੋਂ ਇੱਕ ਨੂੰ ਮੁਕਾਬਲੇ ਵਿੱਚ ਮਾਰ ਦਿੱਤਾ



ਪੰਜਾਬ ਪੁਲਿਸ ਨੇ ਇੱਕ ਵੱਡੀ ਸਫਲਤਾ ਹਾਸਲ ਕੀਤੀ ਹੈ ਜਦੋਂ ਉਸ ਨੇ ਗੁਰਦਾਸਪੁਰ ਜ਼ਿਲ੍ਹੇ ਵਿੱਚ ਦੋ ਪੁਲਿਸ ਮੁਲਾਜ਼ਮਾਂ ਦੀ ਹੱਤਿਆ ਕਰਨ ਵਾਲੇ ਮੁਲਜ਼ਮਾਂ ਵਿੱਚੋਂ ਇੱਕ ਨੂੰ ਮੁਕਾਬਲੇ ਵਿੱਚ ਮਾਰ ਦਿੱਤਾ। ਇਹ ਘਟਨਾ ਸਰਹੱਦੀ ਪਿੰਡ ਆਦੀਆਂ ਦੀ ਪੁਲਿਸ ਚੌਕੀ ਨਾਲ ਜੁੜੀ ਹੋਈ ਹੈ ਜਿੱਥੇ ਐਸਆਈ ਗੁਰਨਾਮ ਸਿੰਘ ਅਤੇ ਹੋਮ ਗਾਰਡ ਅਸ਼ੋਕ ਕੁਮਾਰ ਨੂੰ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਇਹ ਹੱਤਿਆ ਬਹੁਤ ਹੀ ਦੁਖਦਾਈ ਅਤੇ ਚਿੰਤਾਜਨਕ ਸੀ ਕਿਉਂਕਿ ਇਹ ਸੰਵੇਦਨਸ਼ੀਲ ਸਰਹੱਦੀ ਖੇਤਰ ਵਿੱਚ ਵਾਪਰੀ ਜਿੱਥੇ ਪਹਿਲਾਂ ਹੀ ਅੱਤਵਾਦ ਅਤੇ ਗੈਂਗਸਟਰ ਵਰਗੀਆਂ ਗਤੀਵਿਧੀਆਂ ਦਾ ਖਤਰਾ ਬਣਿਆ ਰਹਿੰਦਾ ਹੈ।

ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਮੁਲਜ਼ਮਾਂ ਦੀ ਭਾਲ ਸ਼ੁਰੂ ਕੀਤੀ। ਇਸ ਮਾਮਲੇ ਵਿੱਚ ਤਿੰਨ ਮੁੱਖ ਮੁਲਜ਼ਮ ਸਨ – ਰਣਜੀਤ ਸਿੰਘ (19 ਸਾਲ), ਇੰਦਰਜੀਤ ਸਿੰਘ (21 ਸਾਲ) ਅਤੇ ਦਿਲਾਵਰ ਸਿੰਘ (22 ਸਾਲ ਦੇ ਕਰੀਬ)। ਇਹ ਸਾਰੇ ਆਦੀਆਂ ਪਿੰਡ ਜਾਂ ਨੇੜਲੇ ਇਲਾਕੇ ਨਾਲ ਸਬੰਧ ਰੱਖਦੇ ਸਨ। ਪੁਲਿਸ ਨੇ ਸਭ ਤੋਂ ਪਹਿਲਾਂ ਦਿਲਾਵਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਜਿਸ ਨੇ ਹੱਤਿਆ ਕਰਨ ਵਾਲਿਆਂ ਨੂੰ ਆਪਣੇ ਘਰ ਵਿੱਚ ਪਨਾਹ ਦਿੱਤੀ ਸੀ। ਉਸ ਨੇ ਆਲੀ ਨੰਗਲ ਪਿੰਡ ਵਿੱਚ ਰਹਿੰਦਾ ਸੀ ਅਤੇ ਉਸ ਨੂੰ ਹੱਤਿਆ ਦੇ ਬਾਅਦ ਸਹਾਇਤਾ ਕਰਨ ਦੇ ਦੋਸ਼ ਵਿੱਚ ਪਕੜਿਆ ਗਿਆ।ਫਿਰ ਪੁਲਿਸ ਨੇ ਰਣਜੀਤ ਸਿੰਘ ਅਤੇ ਇੰਦਰਜੀਤ ਸਿੰਘ ਨੂੰ ਲੱਭਣ ਲਈ ਵੱਡੀ ਛਾਪੇਮਾਰੀ ਸ਼ੁਰੂ ਕੀਤੀ। ਸੀਆਈਏ ਸਟਾਫ਼ ਦੇ ਇੰਚਾਰਜ ਗੁਰਮੀਤ ਸਿੰਘ ਨੇ ਆਪਣੀ ਟੀਮ ਨਾਲ ਮਿਲ ਕੇ ਇਨ੍ਹਾਂ ਨੂੰ ਟਰੈਕ ਕੀਤਾ। ਪੁਰਾਣੇ ਸ਼ਾਲ੍ਹਾ ਇਲਾਕੇ ਵਿੱਚ ਇੱਕ ਮੁੱਠਭੇੜ ਹੋਈ ਜਿੱਥੇ ਮੁਲਜ਼ਮਾਂ ਨੇ ਪੁਲਿਸ 'ਤੇ ਗੋਲੀਆਂ ਚਲਾਈਆਂ। ਜਵਾਬੀ ਕਾਰਵਾਈ ਵਿੱਚ ਰਣਜੀਤ ਸਿੰਘ ਨੂੰ ਮਾਰ ਦਿੱਤਾ ਗਿਆ। ਇਸ ਮੁਕਾਬਲੇ ਵਿੱਚ ਸੀਆਈਏ ਮੁਖੀ ਗੁਰਮੀਤ ਸਿੰਘ ਜ਼ਖਮੀ ਹੋ ਗਏ। ਉਨ੍ਹਾਂ ਦੇ ਮੋਢੇ ਵਿੱਚੋਂ ਗੋਲੀ ਆਰ-ਪਾਰ ਹੋ ਗਈ ਅਤੇ ਉਨ੍ਹਾਂ ਨੂੰ ਗੁਰਦਾਸਪੁਰ ਦੇ ਸਰਕਾਰੀ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ। ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ ਅਤੇ ਉਹ ਖ਼ਤਰੇ ਤੋਂ ਬਾਹਰ ਹਨ। ਇੱਕ ਹੋਰ ਪੁਲਿਸ ਮੁਲਾਜ਼ਮ ਨੂੰ ਵੀ ਗੋਲੀ ਲੱਗੀ ਪਰ ਬੁਲੇਟ ਪਰੂਫ ਜੈਕਟ ਕਾਰਨ ਉਹ ਬਚ ਗਿਆ।ਡੀਆਈਜੀ ਸੰਦੀਪ ਗੋਇਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਹ ਨੌਜਵਾਨ ਪਾਕਿਸਤਾਨ ਵੱਲੋਂ

**Cee7 NEWS** ਯੂਕੇ ਵੀਜ਼ਾ ਨਵੇਂ ਨਿਯਮ: ਭਾਰਤੀ ਯਾਤਰੀਆਂ ਲਈ ਈ-ਵੀਜ਼ਾ ਲਾਜ਼ਮੀ

# 25 ਫਰਵਰੀ 2026 ਤੋਂ ਬ੍ਰਿਟੇਨ ਨੇ ਆਪਣੀ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਡਿਜੀਟਲ ਬਣਾ ਦਿੱਤਾ ਹੈ

25 ਫਰਵਰੀ 2026 ਤੋਂ ਬ੍ਰਿਟੇਨ ਨੇ ਆਪਣੀ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਡਿਜੀਟਲ ਬਣਾ ਦਿੱਤਾ ਹੈ। ਇਸ ਨਵੀਂ ਨੀਤੀ ਅਨੁਸਾਰ ਭਾਰਤੀ ਯਾਤਰੀਆਂ ਲਈ ਈ-ਵੀਜ਼ਾ (eVisa) ਨੂੰ ਲਾਜ਼ਮੀ ਕਰ ਦਿੱਤਾ ਗਿਆ ਹੈ। ਪਹਿਲਾਂ ਵਰਤੇ ਜਾਂਦੇ ਕਾਗਜ਼ੀ ਵੀਜ਼ਾ ਸਟਿੱਕਰਾਂ (ਵਿਗਨੈੱਟਸ) ਨੂੰ ਹੁਣ ਖਤਮ ਕਰ ਦਿੱਤਾ ਗਿਆ ਹੈ ਅਤੇ ਇਨ੍ਹਾਂ ਦੀ ਜਗ੍ਹਾ ਡਿਜੀਟਲ ਰਿਕਾਰਡ ਲਿਆਂਦਾ ਗਿਆ ਹੈ ਜੋ ਯੂਕੇ ਵੀਜ਼ਾ ਅਤੇ ਇਮੀਗ੍ਰੇਸ਼ਨ (UKVI) ਖਾਤੇ ਨਾਲ ਜੁੜਿਆ ਹੁੰਦਾ ਹੈ। ਇਹ ਬਦਲਾਅ ਭਾਰਤੀ ਅਰਜ਼ੀਕਰਤਾਵਾਂ ਲਈ ਸਭ ਤੋਂ ਪਹਿਲਾਂ ਲਾਗੂ ਕੀਤਾ ਗਿਆ ਹੈ ਕਿਉਂਕਿ ਭਾਰਤ ਤੋਂ ਯੂਕੇ ਜਾਣ ਵਾਲੇ ਯਾਤਰੀਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ।

ਇਸ ਨਵੇਂ ਸਿਸਟਮ ਵਿੱਚ ਭਾਰਤੀ ਯਾਤਰੀਆਂ ਨੂੰ ਵੀਜ਼ਾ ਲਈ ਅਰਜ਼ੀ ਦੇਣ ਤੋਂ ਬਾਅਦ ਪਾਸਪੋਰਟ ਨੂੰ ਵੀਜ਼ਾ ਸੈਂਟਰ ਵਿੱਚ ਲੰਬੇ ਸਮੇਂ ਲਈ ਛੱਡਣ ਦੀ ਲੋੜ ਨਹੀਂ ਪਵੇਗੀ। ਸਿਰਫ਼ ਬਾਇਓਮੈਟ੍ਰਿਕਸ (ਉਂਗਲਾਂ ਦੇ ਨਿਸ਼ਾਨ ਅਤੇ ਫੋਟੋ) ਲਈ ਇੱਕ ਵਾਰ ਵੀਜ਼ਾ ਅਰਜ਼ੀ ਸੈਂਟਰ (VAC) ਜਾਣਾ ਪਵੇਗਾ ਅਤੇ ਉਸੇ ਦਿਨ ਪਾਸਪੋਰਟ ਵਾਪਸ ਮਿਲ ਜਾਵੇਗਾ। ਈ-ਵੀਜ਼ਾ ਆਨਲਾਈਨ ਰਿਕਾਰਡ ਵਜੋਂ ਰਹੇਗਾ ਜਿਸ ਨੂੰ ਯਾਤਰੀ ਆਪਣੇ UKVI ਅਕਾਊਂਟ ਰਾਹੀਂ ਦੇਖ ਸਕਦੇ ਹਨ। ਇਸ ਨਾਲ ਯਾਤਰਾ ਵਧੇਰੇ ਸੌਖੀ ਅਤੇ ਤੇਜ਼ ਹੋ ਜਾਵੇਗੀ।

ਇਸ ਤੋਂ ਇਲਾਵਾ, ਯੂਕੇ ਨੇ ਇਲੈਕਟ੍ਰਾਨਿਕ ਟ੍ਰੈਵਲ ਅਥਾਰਾਈਜ਼ੇਸ਼ਨ (ETA) ਨੂੰ ਵੀ 25 ਫਰਵਰੀ 2026 ਤੋਂ ਲਾਜ਼ਮੀ ਕਰ ਦਿੱਤਾ ਹੈ। ਇਹ ETA ਉਨ੍ਹਾਂ 85 ਦੇਸ਼ਾਂ ਦੇ ਨਾਗਰਿਕਾਂ ਲਈ ਹੈ ਜਿਨ੍ਹਾਂ ਨੂੰ ਪਹਿਲਾਂ ਵੀਜ਼ਾ ਬਿਨਾਂ ਛੋਟੇ ਸਮੇਂ ਲਈ ਯੂਕੇ ਜਾਣ ਦੀ ਇਜਾਜ਼ਤ ਸੀ, ਜਿਵੇਂ ਅਮਰੀਕਾ, ਕੈਨੇਡਾ, ਆਸਟ੍ਰੇਲੀਆ ਅਤੇ ਫਰਾਂਸ। ਪਰ ਭਾਰਤੀ ਨਾਗਰਿਕਾਂ ਲਈ ਵੀਜ਼ਾ ਪਹਿਲਾਂ ਵੀ ਲਾਜ਼ਮੀ ਸੀ ਅਤੇ ਰਹੇਗਾ, ਇਸ ਲਈ ਉਨ੍ਹਾਂ ਲਈ ਮੁੱਖ ਬਦਲਾਅ ਈ-ਵੀਜ਼ਾ ਵਿੱਚ ਆਇਆ ਹੈ। ETA ਦੀ ਫੀਸ ਲਗਭਗ 16 ਪੌਂਡ ਹੈ ਅਤੇ ਇਹ ਦੋ ਸਾਲ ਜਾਂ ਪਾਸਪੋਰਟ ਦੀ ਮਿਆਦ ਤੱਕ ਵੈਧ ਰਹਿੰਦੀ ਹੈ।

ਇਹ ਡਿਜੀਟਲ ਪ੍ਰਣਾਲੀ ਲਿਆਉਣ ਦਾ ਮੁੱਖ ਉਦੇਸ਼ ਹੈ ਕਿ ਯਾਤਰਾ ਪ੍ਰਕਿਰਿਆ ਨੂੰ ਆਧੁਨਿਕ ਅਤੇ ਸੁਰੱਖਿਅਤ ਬਣਾਇਆ ਜਾਵੇ। ਪਹਿਲਾਂ ਵੀਜ਼ਾ ਸਟਿੱਕਰ ਗੁਆਚ ਜਾਣ ਜਾਂ ਖਰਾਬ ਹੋਣ ਦੀ ਸਮੱਸਿਆ ਰਹਿੰਦੀ ਸੀ, ਪਰ ਹੁਣ ਸਭ ਕੁਝ ਆਨਲਾਈਨ ਰਹੇਗਾ। ਯਾਤਰੀਆਂ ਨੂੰ ਸਲਾਹ ਦਿੱਤੀ ਜਾ ਰਹੀ ਹੈ ਕਿ ਉਹ ਯਾਤਰਾ ਤੋਂ ਪਹਿਲਾਂ ਆਪਣੇ UKVI ਖਾਤੇ ਵਿੱਚ ਪਾਸਪੋਰਟ ਜਾਣਕਾਰੀ ਅਪਡੇਟ ਰੱਖਣ ਅਤੇ ਈ-ਵੀਜ਼ਾ ਜਾਂ ETA ਦੀ ਪੁਸ਼ਟੀ ਕਰ ਲੈਣ। ਜੇਕਰ ਕਿਸੇ ਕੋਲ ਸਹੀ ਡਿਜੀਟਲ ਇਜਾਜ਼ਤ ਨਹੀਂ ਹੋਵੇਗੀ ਤਾਂ ਏਅਰਲਾਈਨਾਂ ਉਨ੍ਹਾਂ ਨੂੰ ਜਹਾਜ਼ ਚੜ੍ਹਨ ਤੋਂ ਰੋਕ ਸਕਦੀਆਂ ਹਨ।



ਭਾਰਤ ਤੋਂ ਯੂਕੇ ਜਾਣ ਵਾਲੇ ਲੋਕਾਂ ਲਈ ਇਹ ਬਦਲਾਅ ਵੱਡਾ ਹੈ ਕਿਉਂਕਿ ਭਾਰਤੀਆਂ ਵੱਲੋਂ ਵੀਜ਼ਾ ਅਰਜ਼ੀਆਂ ਦੀ ਗਿਣਤੀ ਸਾਲਾਨਾ ਲੱਖਾਂ ਵਿੱਚ ਹੁੰਦੀ ਹੈ। ਟੂਰਿਸਟ, ਸਟੂਡੈਂਟ, ਵਰਕ ਅਤੇ ਸੈਟਲਮੈਂਟ ਵੀਜ਼ੇ ਸਭ ਈ-ਵੀਜ਼ਾ ਵਜੋਂ ਜਾਰੀ ਹੋਣਗੇ। ਇਸ ਨਾਲ ਅਰਜ਼ੀਕਰਤਾ ਆਪਣੇ ਪਾਸਪੋਰਟ ਨੂੰ ਘਰੇਂ ਹੀ ਰੱਖ ਸਕਦੇ ਹਨ ਅਤੇ ਜੇਕਰ ਕੋਈ ਹੋਰ ਵੀਜ਼ਾ ਅਰਜ਼ੀ ਦੇ ਰਹੇ ਹੋਣ ਤਾਂ ਉਹ ਵੀ ਯਾਤਰਾ ਕਰ ਸਕਦੇ ਹਨ।ਯੂਕੇ ਸਰਕਾਰ ਨੇ ਇਸ ਨੂੰ ਇੱਕ ਵੱਡਾ ਕਦਮ ਦੱਸਿਆ ਹੈ ਜੋ ਬਾਰਡਰ ਨੂੰ ਹੋਰ ਸੁਰੱਖਿਅਤ ਅਤੇ ਤੇਜ਼ ਬਣਾਏਗਾ। ਪੁਰਾਣੇ BRP (ਬਾਇਓਮੈਟ੍ਰਿਕ ਰੈਜ਼ੀਡੈਂਸ ਪਰਮਿਟ) ਵੀ ਹੁਣ ਡਿਜੀਟਲ ਰੂਪ ਵਿੱਚ ਬਦਲ ਰਹੇ ਹਨ। ਭਾਰਤੀ ਯਾਤਰੀਆਂ ਨੂੰ ਸਲਾਹ ਹੈ ਕਿ ਉਹ ਅਧਿਕਾਰਤ ਵੈੱਬਸਾਈਟ gov.uk ਤੇ ਜਾ ਕੇ ਆਪਣੇ ਵੀਜ਼ਾ ਸਥਿਤੀ ਬਾਰੇ ਜਾਣਕਾਰੀ ਲੈਣ ਅਤੇ ਨਵੇਂ ਨਿਯਮਾਂ ਮੁਤਾਬਕ ਤਿਆਰੀ ਕਰਨ।ਇਹ ਨਵੀਂ ਵਿਵਸਥਾ ਅਮਰੀਕਾ, ਆਸਟ੍ਰੇਲੀਆ ਅਤੇ ਕੈਨੇਡਾ ਵਰਗੇ ਦੇਸ਼ਾਂ ਵਿੱਚ ਪਹਿਲਾਂ ਹੀ ਚੱਲ ਰਹੀ ਹੈ ਅਤੇ ਹੁਣ ਯੂਕੇ ਵੀ ਇਸ ਵੱਲ ਵਧ ਰਿਹਾ ਹੈ। ਭਾਰਤੀਆਂ ਲਈ ਇਹ ਸੌਖਾ ਅਤੇ ਸੁਰੱਖਿਅਤ ਯਾਤਰਾ ਨੂੰ ਯਕੀਨੀ ਬਣਾਏਗਾ ਪਰ ਆਨਲਾਈਨ ਪ੍ਰਕਿਰਿਆ ਨੂੰ ਸਮਝਣਾ ਜ਼ਰੂਰੀ ਹੋਵੇਗਾ। ਜੇਕਰ ਕੋਈ ਸਮੱਸਿਆ ਆਵੇ ਤਾਂ ਯੂਕੇ ਵੀਜ਼ਾ ਹੈਲਪਲਾਈਨ ਜਾਂ ਵੀਜ਼ਾ ਸੈਂਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ।ਇਹ ਡਿਜੀਟਲ ਪ੍ਰਣਾਲੀ ਲਿਆਉਣ ਦਾ ਮੁੱਖ ਉਦੇਸ਼ ਹੈ ਕਿ ਯਾਤਰਾ ਪ੍ਰਕਿਰਿਆ ਨੂੰ ਆਧੁਨਿਕ ਅਤੇ ਸੁਰੱਖਿਅਤ ਬਣਾਇਆ ਜਾਵੇ। ਪਹਿਲਾਂ ਵੀਜ਼ਾ ਸਟਿੱਕਰ ਗੁਆਚ ਜਾਣ ਜਾਂ ਖਰਾਬ ਹੋਣ ਦੀ ਸਮੱਸਿਆ ਰਹਿੰਦੀ ਸੀ, ਪਰ ਹੁਣ ਸਭ ਕੁਝ ਆਨਲਾਈਨ ਰਹੇਗਾ।



## ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਜ ਇਜ਼ਰਾਈਲ ਦੇ ਦੋ ਦਿਨਾਂ ਅਧਿਕਾਰਤ ਦੌਰੇ ਲਈ ਰਵਾਨਾ ਹੋ ਗਏ ਹਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਜ ਇਜ਼ਰਾਈਲ ਦੇ ਦੋ ਦਿਨਾਂ ਅਧਿਕਾਰਤ ਦੌਰੇ ਲਈ ਰਵਾਨਾ ਹੋ ਗਏ ਹਨ। ਇਹ ਦੌਰਾ ਭਾਰਤ ਅਤੇ ਇਜ਼ਰਾਈਲ ਵਿਚਕਾਰ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਵਾਲਾ ਸਾਬਤ ਹੋਵੇਗਾ। ਰਵਾਨਗੀ ਤੋਂ ਪਹਿਲਾਂ ਪੀਐੱਮ ਮੋਦੀ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਉਹ ਆਪਣੇ ਪਿਆਰੇ ਦੋਸਤ ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨਾਲ ਮੁਲਾਕਾਤ ਲਈ ਬਹੁਤ ਉਤਸ਼ਾਹਿਤ ਹਨ। ਉਨ੍ਹਾਂ ਨੂੰ ਪੂਰਾ ਵਿਸ਼ਵਾਸ ਹੈ ਕਿ ਇਹ ਯਾਤਰਾ ਦੋਵਾਂ ਦੇਸ਼ਾਂ ਦੇ ਰਿਸ਼ਤਿਆਂ ਨੂੰ ਨਵੀਆਂ ਉਚਾਈਆਂ ਤੱਕ ਲੈ ਜਾਵੇਗੀ।ਇਸ ਦੌਰੇ ਦੀ ਸਭ ਤੋਂ ਵਿਸ਼ੇਸ਼ ਗੱਲ ਇਹ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਜ਼ਰਾਈਲੀ ਸੰਸਦ 'ਕਨੇਸੈੱਟ' (Knesset) ਨੂੰ ਸੰਬੋਧਨ ਕਰਨ ਵਾਲੇ ਪਹਿਲੇ ਭਾਰਤੀ ਪ੍ਰਧਾਨ ਮੰਤਰੀ ਬਣਨਗੇ। ਇਹ ਇੱਕ ਇਤਿਹਾਸਕ ਪਲ ਹੈ ਜੋ ਦੋਵਾਂ ਦੇਸ਼ਾਂ ਵਿਚਕਾਰ ਮਜ਼ਬੂਤ ਲੋਕਤੰਤਰੀ ਸਬੰਧਾਂ ਦਾ ਪ੍ਰਤੀਕ ਹੈ। ਮੋਦੀ ਨੇ ਇਸ ਨੂੰ ਬਹੁਤ ਮਾਣਮੱਤਾ ਮੌਕਾ ਦੱਸਿਆ ਹੈ। ਇਸ ਦੌਰਾਨ ਉਹ ਇਜ਼ਰਾਈਲ ਦੇ ਰਾਸ਼ਟਰਪਤੀ ਇਸਹਾਕ ਹਰਜ਼ੋਗ ਨਾਲ ਵੀ ਮੁਲਾਕਾਤ ਕਰਨਗੇ ਅਤੇ ਉੱਥੇ ਰਹਿ ਰਹੇ ਭਾਰਤੀ ਭਾਈਚਾਰੇ ਨਾਲ ਗੱਲਬਾਤ ਕਰਨਗੇ।

ਇਸ ਦੌਰੇ ਦੀ ਸਭ ਤੋਂ ਵਿਸ਼ੇਸ਼ ਗੱਲ ਇਹ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਜ਼ਰਾਈਲੀ ਸੰਸਦ 'ਕਨੇਸੈੱਟ' (Knesset) ਨੂੰ ਸੰਬੋਧਨ ਕਰਨ ਵਾਲੇ ਪਹਿਲੇ ਭਾਰਤੀ ਪ੍ਰਧਾਨ ਮੰਤਰੀ ਬਣਨਗੇ। ਇਹ ਇੱਕ ਇਤਿਹਾਸਕ ਪਲ ਹੈ ਜੋ ਦੋਵਾਂ ਦੇਸ਼ਾਂ ਵਿਚਕਾਰ ਮਜ਼ਬੂਤ ਲੋਕਤੰਤਰੀ ਸਬੰਧਾਂ ਦਾ ਪ੍ਰਤੀਕ ਹੈ। ਮੋਦੀ ਨੇ ਇਸ ਨੂੰ ਬਹੁਤ ਮਾਣਮੱਤਾ ਮੌਕਾ ਦੱਸਿਆ ਹੈ। ਇਸ ਦੌਰਾਨ ਉਹ ਇਜ਼ਰਾਈਲ ਦੇ ਰਾਸ਼ਟਰਪਤੀ ਇਸਹਾਕ ਹਰਜ਼ੋਗ ਨਾਲ ਵੀ ਮੁਲਾਕਾਤ ਕਰਨਗੇ ਅਤੇ ਉੱਥੇ ਰਹਿ ਰਹੇ ਭਾਰਤੀ ਭਾਈਚਾਰੇ ਨਾਲ ਗੱਲਬਾਤ ਕਰਨਗੇ।ਦੌਰੇ ਦੇ ਮੁੱਖ ਉਦੇਸ਼ਾਂ ਵਿੱਚ ਵਿਗਿਆਨ ਅਤੇ ਤਕਨਾਲੋਜੀ, ਨਵੀਨਤਾ, ਖੇਤੀਬਾੜੀ, ਜਲ ਪ੍ਰਬੰਧਨ, ਰੱਖਿਆ ਅਤੇ ਸੁਰੱਖਿਆ, ਵਪਾਰ ਅਤੇ ਨਿਵੇਸ਼ ਵਰਗੇ ਖੇਤਰਾਂ ਵਿੱਚ ਸਹਿਯੋਗ ਵਧਾਉਣਾ ਸ਼ਾਮਲ ਹੈ। ਇਹ ਸਾਰੇ ਖੇਤਰ ਭਾਰਤ ਅਤੇ ਇਜ਼ਰਾਈਲ ਲਈ ਬਹੁਤ ਅਹਿਮ ਹਨ। ਇਜ਼ਰਾਈਲ ਦੀ ਤਕਨੀਕੀ ਤਰੱਕੀ ਅਤੇ ਭਾਰਤ ਦੀ ਵੱਡੀ ਬਾਜ਼ਾਰ ਅਤੇ ਮਨੁੱਖੀ ਸੰਸਾਧਨ ਨੂੰ ਜੋੜ ਕੇ ਦੋਵੇਂ ਦੇਸ਼ ਇੱਕ ਮਜ਼ਬੂਤ ਰਣਨੀਤਕ ਸਾਂਝੇਦਾਰੀ ਬਣਾ ਸਕਦੇ ਹਨ। ਖੇਤੀਬਾੜੀ ਵਿੱਚ ਇਜ਼ਰਾਈਲ ਦੀ ਡਰਿਪ ਇਰੀਗੇਸ਼ਨ ਅਤੇ ਆਧੁਨਿਕ ਤਕਨੀਕ ਭਾਰਤ ਲਈ ਬਹੁਤ ਲਾਭਦਾਇਕ ਸਾਬਤ ਹੋ ਸਕਦੀ ਹੈ, ਜਿਸ ਨਾਲ ਪੰਜਾਬ ਵਰਗੇ ਖੇਤੀ ਪ੍ਰਧਾਨ ਇਲਾਕਿਆਂ ਵਿੱਚ ਵੀ ਸੁਧਾਰ ਆ ਸਕਦਾ ਹੈ।

ਰੱਖਿਆ ਖੇਤਰ ਵਿੱਚ ਵੀ ਦੋਵਾਂ ਦੇਸ਼ਾਂ ਵਿਚਕਾਰ ਸਹਿਯੋਗ ਪਹਿਲਾਂ ਤੋਂ ਹੀ ਮਜ਼ਬੂਤ ਹੈ। ਇਜ਼ਰਾਈਲ ਭਾਰਤ ਨੂੰ ਅਡਵਾਂਸਡ ਹਥਿਆਰ ਅਤੇ ਤਕਨਾਲੋਜੀ ਪ੍ਰਦਾਨ ਕਰਦਾ ਰਿਹਾ ਹੈ। ਇਸ ਦੌਰੇ ਦੌਰਾਨ ਇਸ ਸਹਿਯੋਗ ਨੂੰ ਹੋਰ ਵਧਾਉਣ ਲਈ ਨਵੇਂ ਸਮਝੌਤੇ ਹੋ ਸਕਦੇ ਹਨ। ਵਿਗਿਆਨ ਅਤੇ ਤਕਨਾਲੋਜੀ ਵਿੱਚ ਆਰਟੀਫਿਸ਼ਲ ਇੰਟੈਲੀਜੈਂਸ, ਸਾਈਬਰ ਸੁਰੱਖਿਆ ਅਤੇ ਸਟਾਰਟਅੱਪ ਖੇਤਰ ਵਿੱਚ ਵੀ ਚਰਚਾ ਹੋਵੇਗੀ। ਭਾਰਤ ਵਿੱਚ 'ਮੇਕ ਇਨ ਇੰਡੀਆ' ਅਤੇ ਇਜ਼ਰਾਈਲ ਦੀ ਇਨੋਵੇਸ਼ਨ ਹੱਬ ਵਾਲੀ ਸਮਰੱਥਾ ਨੂੰ ਜੋੜ ਕੇ ਨਵੇਂ ਮੌਕੇ ਖੁੱਲ੍ਹ ਸਕਦੇ ਹਨ। ਪੀਐੱਮ ਮੋਦੀ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਉਹ ਇੱਕ ਅਜਿਹੇ ਭਵਿੱਖ ਦਾ ਨਿਰਮਾਣ ਕਰਨਾ ਚਾਹੁੰਦੇ ਹਨ ਜੋ ਨਵੀਨਤਾਕਾਰੀ, ਖੁਸ਼ਹਾਲ ਅਤੇ ਮਜ਼ਬੂਤ ਹੋਵੇ। ਇਹ ਦੌਰਾ ਨਾ ਸਿਰਫ਼ ਰਾਜਨੀਤਕ ਅਤੇ ਆਰਥਿਕ ਤੌਰ ਤੇ ਮਹੱਤਵਪੂਰਨ ਹੈ ਸਗੋਂ ਲੋਕਾਂ ਵਿਚਕਾਰ ਸਬੰਧ ਵਧਾਉਣ ਲਈ ਵੀ ਅਹਿਮ ਹੈ। ਭਾਰਤੀ ਭਾਈਚਾਰਾ ਇਜ਼ਰਾਈਲ ਵਿੱਚ ਬਹੁਤ ਸਰਗਰਮ ਹੈ ਅਤੇ ਉਨ੍ਹਾਂ ਨਾਲ ਮੁਲਾਕਾਤ ਨਾਲ ਉਨ੍ਹਾਂ ਨੂੰ ਨਵੀਂ ਊਰਜਾ ਮਿਲੇਗੀ।

ਇਸ ਤੋਂ ਇਲਾਵਾ, ਇਹ ਦੌਰਾ ਮੱਧ ਪੂਰਬ ਦੀ ਗੁੰਝਲਦਾਰ ਸਥਿਤੀ ਵਿੱਚ ਵੀ ਭਾਰਤ ਦੀ ਭੂਮਿਕਾ ਨੂੰ ਉਜਾਗਰ ਕਰਦਾ ਹੈ। ਭਾਰਤ ਨੇ ਹਮੇਸ਼ਾ ਸੰਤੁਲਿਤ ਨੀਤੀ ਅਪਣਾਈ ਹੈ, ਜਿਸ ਵਿੱਚ ਇਜ਼ਰਾਈਲ ਨਾਲ ਮਜ਼ਬੂਤ ਸਬੰਧ ਅਤੇ ਫਲਸਤੀਨ ਨਾਲ ਵੀ ਸਮਰਥਨ ਸ਼ਾਮਲ ਹੈ। ਪਰ ਇਸ ਦੌਰੇ ਨਾਲ ਭਾਰਤ ਆਪਣੇ ਰਣਨੀਤਕ ਹਿੱਤਾਂ ਨੂੰ ਅੱਗੇ ਵਧਾਉਣ ਤੇ ਜ਼ੋਰ ਦੇ ਰਿਹਾ ਹੈ।ਪੰਜਾਬ ਅਤੇ ਉੱਤਰੀ ਭਾਰਤ ਲਈ ਵੀ ਇਸ ਦੌਰੇ ਦਾ ਵਿਸ਼ੇਸ਼ ਮਹੱਤਵ ਹੈ ਕਿਉਂਕਿ ਖੇਤੀਬਾੜੀ ਅਤੇ ਪਾਣੀ ਦੀ ਸੰਭਾਲ ਵਿੱਚ ਇਜ਼ਰਾਈਲੀ ਤਕਨੀਕ ਬਹੁਤ ਕੰਮ ਆ ਸਕਦੀ ਹੈ। ਪੰਜਾਬ ਵਿੱਚ ਪਾਣੀ ਦੀ ਕਮੀ ਅਤੇ ਖੇਤੀਬਾੜੀ ਦੀਆਂ ਚੁਣੌਤੀਆਂ ਨੂੰ ਹੱਲ ਕਰਨ ਲਈ ਇਹ ਸਹਿਯੋਗ ਲਾਭਦਾਇਕ ਸਾਬਤ ਹੋ ਸਕਦਾ ਹੈ। ਇਸ ਤਰ੍ਹਾਂ ਇਹ ਦੌਰਾ ਨਾ ਸਿਰਫ਼ ਰਾਸ਼ਟਰੀ ਪੱਧਰ ਤੇ ਸਗੋਂ ਖੇਤਰੀ ਪੱਧਰ ਤੇ ਵੀ ਅਸਰ ਪਾਵੇਗਾ।

ਕੁੱਲ ਮਿਲਾ ਕੇ, ਪ੍ਰਧਾਨ ਮੰਤਰੀ ਮੋਦੀ ਦਾ ਇਹ ਦੌਰਾ ਭਾਰਤ-ਇਜ਼ਰਾਈਲ ਸਬੰਧਾਂ ਵਿੱਚ ਇੱਕ ਨਵਾਂ ਅਧਿਆਇ ਸ਼ੁਰੂ ਕਰੇਗਾ। ਇਹ ਦੋਵਾਂ ਦੇਸ਼ਾਂ ਲਈ ਲਾਭਕਾਰੀ ਸਾਬਤ ਹੋਵੇਗਾ ਅਤੇ ਵਿਸ਼ਵ ਪੱਧਰ ਤੇ ਭਾਰਤ ਦੀ ਵਧਦੀ ਪ੍ਰਤਿਸ਼ਠਾ ਨੂੰ ਹੋਰ ਮਜ਼ਬੂਤ ਕਰੇਗਾ

## ਸੰਘਰਸ਼ ਮਨੁੱਖੀ ਜੀਵਨ ਦਾ ਅਟੁੱਟ ਹਿੱਸਾ ਹੈ (ਰਜਿੰਦਰ ਕੌਰ ਕਲੇਰ)



ਸੰਘਰਸ਼ ਮਨੁੱਖੀ ਜੀਵਨ ਦਾ ਅਟੁੱਟ ਹਿੱਸਾ ਹੈ। ਮੁਢ ਕਦੀਮ ਤੋਂ ਇਨਸਾਨ ਨੇ ਆਪਣੀਆਂ ਲੋੜਾਂ ਨੂੰ ਪੂਰਾ ਕਰਨ ਲਈ ਸੰਘਰਸ਼ ਕੀਤਾ ਹੈ। ਜਦੋਂ ਅਸੀਂ ਕਿਸੇ ਕੰਮ ਨੂੰ ਪੂਰਾ ਕਰਨ ਲਈ ਯਾ ਕਿਸੇ ਵਸਤੂ ਨੂੰ ਹਾਸਿਲ ਕਰਨ ਲਈ ਮਿਹਨਤ ਕਰਦੇ ਹੋਏ ਰੁਕਾਵਟਾਂ ਦਾ ਸਾਹਮਣਾ ਕਰਦੇ ਹਾਂ, ਤਾਂ ਇਹ ਇਸ ਗੱਲ ਦਾ ਪ੍ਰਮਾਣ ਹੁੰਦਾ ਹੈ ਕਿ ਅਸੀਂ ਅੱਗੇ ਵੱਧਣ ਦੀ ਇੱਛਾ ਰੱਖਦੇ ਹਾਂ। ਮਨੁੱਖ ਨੇ ਜੀਉਂਦੇ ਰਹਿਣ ਲਈ ਸੰਘਰਸ਼ ਕੀਤਾ ਹੈ। ਆਦਿ ਮਾਨਵ ਜੰਗਲਾਂ ਵਿੱਚ ਰਹਿੰਦਾ ਸੀ, ਖੁਰਾਕ ਅਤੇ ਸੁਰੱਖਿਆ ਲਈ ਲੜਦਾ ਸੀ। ਉਸ ਦੇ ਇਸ ਲਗਾਤਾਰ ਯਤਨ ਨੇ ਹੀ ਉਸ ਨੂੰ ਵਿਕਾਸ ਦੀ ਰਾਹ 'ਤੇ ਤੋਰਦੇ ਹੋਏ ਅੱਜ ਦਾ ਸੱਭਿਆਚਾਰਿਕ ਇਨਸਾਨ ਬਣਾਇਆ।ਸੰਘਰਸ਼ ਮਨੁੱਖ ਨੂੰ ਮਜ਼ਬੂਤ ਬਣਾਉਂਦਾ ਹੈ। ਇਹ ਉਸ ਦੇ ਅੰਦਰ ਹਿੰਮਤ, ਸਬਰ ਅਤੇ ਆਤਮ-ਵਿਸ਼ਵਾਸ ਨੂੰ ਪੈਦਾ ਕਰਦਾ ਹੈ। ਜਦੋਂ ਕਿਸੇ ਵਸਤੂ ਨੂੰ ਪ੍ਰਾਪਤ ਕਰਨ ਲਈ ਮਿਹਨਤ ਕਰਨੀ ਪਵੇ , ਤਾਂ ਉਸ ਦੀ ਕਦਰ ਵੀ ਵੱਧ ਹੁੰਦੀ ਹੈ। ਲੇਕਿਨ ਇਸ ਦੇ ਉਲਟ ਜੇਕਰ ਮਨੁੱਖ ਨੂੰ ਹਰ ਚੀਜ਼ ਬਿਨਾਂ ਮਿਹਨਤ ਦੇ ਮੁਫ਼ਤ ਵਿੱਚ ਮਿਲਣ ਲੱਗ ਜਾਵੇ , ਤਾਂ ਲੋਕਾਂ ਵਿੱਚ ਮਿਹਨਤ ਕਰਨ ਦੀ ਇੱਛਾ ਖ਼ਤਮ ਹੋ ਸਕਦੀ ਹੈ। ਸੰਘਰਸ਼ ਦੀ ਭਾਵਨਾ ਕਮਜ਼ੋਰ ਹੋ ਸਕਦੀ ਹੈ ਅਤੇ ਆਤਮਨਿਰਭਰਤਾ ਘਟ ਸਕਦੀ ਹੈ।

(ਪਰਜਿੰਦਰ ਕੌਰ ਕਲੇਰ)

## ਹਿੰਮਤ (ਹਰਵਿੰਦਰ ਕੌਰ ਕਾਹਲੋਂ )



ਹੱਥ ਬੰਨ੍ਹ ਕੇ ਕਿਉਂ ਖੜ੍ਹਾ ਕਠਿਨਾਈਆਂ ਦੇ ਸਾਹਮਣੇ
ਕਠਿਨਾਈਆਂ ਕੁਛ ਵੀ ਨਹੀਂ , ਤੇਰੀ ਹਿੰਮਤ ਦੇ ਸਾਹਮਣੇ।
ਹੌਂਸਲਾ ਕਰ ਤਗੜਾ ਤੇ ਹੋ ਨਿਰਾਸ਼ਾ ਨੂੰ ਮਨ ਚੋਂ ਬਾਹਰ ਕੱਢ
ਨਿਰਾਸ਼ਾ ਕੁਛ ਵੀ ਨਹੀਂ ਤੇਰੀ ਆਸ ਦੇ ਸਾਹਮਣੇ।
ਸੁਸਤੀ ਦੀ ਚਾਦਰ ਸੁੱਟ ਪਰਾਂ ,ਹਿੰਮਤ ਦੀ ਬੁੱਕਲ ਮਾਰ ਲੈ ।
ਸੁਸਤੀ ਕੁੱਛ ਵੀ ਨਹੀਂ ਤੇਰੀ ਮਿਹਨਤ ਦੇ ਸਾਹਮਣੇ।
ਯੋਧਾ ਓਹੀ ਜੋ ਭੱਜੇ ਨਾ ਮੈਦਾਨ ਚੋਂ
ਕਾਇਰਤਾ ਹੋਜੂ ਗੋਡੇ ਭਾਰ ਤੇਰੀ ਬਹਾਦਰੀ ਦੇ ਸਾਹਮਣੇ।
ਨਿਸ਼ਚਾ ਤੇ ਰੱਖ ਮੰਜ਼ਿਲ ਤੇ ਪਹੁੰਚਣਾ
ਮੰਜ਼ਿਲ ਦੀ ਕੀ ਹਿੰਮਤ ਤੇਰੇ ਜਜ਼ਬੇ ਦੇ ਸਾਹਮਣੇ ।

✒️ ਹਰਵਿੰਦਰ ਕੌਰ ਕਾਹਲੋਂ

## ਵੱਡਾ ਟੀਚਾ ਲੈ ਕੇ ਵਿਸ਼ਾਲ ਸੁਪਨੇ ਲਏ ਜਾਂਦੇ ਹਨ



ਵੱਡਾ ਟੀਚਾ ਲੈ ਕੇ ਵਿਸ਼ਾਲ ਸੁਪਨੇ ਲਏ ਜਾਂਦੇ ਹਨ। ਵੱਡੇ ਵੱਡੇ ਸੁਪਨੇ ਤੇ ਜੋਸ਼ੀਲੇ ਖੰਭ। ਉਸ ਅਸਮਾਨ ਵਿੱਚ ਉੱਡਦੇ ਉੱਡਦੇ ਖੁਸ਼ ਵੀ ਹੋਈਦਾ, ਰੱਬਾ ਮੈਂ ਕਿੰਨੀ ਨੇੜੇ ਤੇਰੇ .. ਮੈਨੂੰ ਜੋਸ਼ੀਲੇ ਖੰਭ ਬਖ਼ਸ਼ੇ ਹਨ।

ਕਈ ਵਾਰ ਜ਼ਿੰਦਗੀ ਵਿੱਚ ਐਸਾ ਕੁੱਝ ਹੋ ਜਾਂਦਾ ਹੈ, ਜੋ ਕਦੇ ਸਾਡੀ ਕਲਪਨਾ ਵਿੱਚ ਵੀ ਨਹੀਂ ਹੁੰਦਾ। ਮੇਰੀ ਕਲਪਨਾ ਵਿੱਚ ਕਦੇ ਵੀ ਨਹੀਂ ਸੀ ਕਿ ਉੱਡਦੇ ਉੱਡਦੇ ਬੁਰੀ ਤਰ੍ਹਾਂ ਜ਼ਖਮੀ ਵੀ ਹੋ ਜਾਈਦਾ। ਇਹ ਮੰਜ਼ਲਾਂ ਜ਼ਰੂਰੀ ਨਹੀਂ ਖੰਭਾਂ ਸਿਰ ਤੇ ਸਰ ਕਰਨੀਆਂ ਨੇ, ਪਹਾੜਾਂ ਦੀਆਂ ਚੋਟੀਆਂ ਛੋਟੇ- ਛੋਟੇ ਕਦਮਾਂ ਨਾਲ ਵੀ ਸਰ ਹੋ ਜਾਂਦੀਆਂ ਹਨ।

ਇਹ ਖੰਭ ਨੋਚ ਖਾਣ ਵਾਲੇ ਲੋਕ, ਤੁਹਾਨੂੰ ਧੋਖਾ ਦੇਣ ਵਾਲੇ ਲੋਕ, ਝੂਠ ਬੋਲਣ ਵਾਲੇ ਲੋਕ ਅਸਲ ਵਿੱਚ ਨਾਸਤਿਕ ਲੋਕ ਹਨ। ਰੱਬ ਨੂੰ ਮੰਨਣ ਵਾਲੇ ਨੂੰ ਤੇ ਪਤਾ ਹੈ, ਖੰਭ ਪਰਤ ਆਉਣੇ ਹਨ... ਉਡਾਰੀ ਹੋਰ ਉੱਚੀ ਹੋ ਜਾਣੀ ਹੈ... ਜੋਸ਼ੀਲੇ ਖੰਭ!

ਜ਼ਿੰਦਾ-ਦਿਲ - ਮਨਦੀਪ ਕੌਰ ਟਾਂਗਰਾ

## ਡੋਲਿਆ ਨਹੀਂ, ਪਰ ਡੁੱਲ ਹੀ ਜਾਂਦਾ ਅੱਖ ਦਾ ਹਿੰਝ,



ਡੋਲਿਆ ਨਹੀਂ, ਪਰ ਡੁੱਲ ਹੀ ਜਾਂਦਾ ਅੱਖ ਦਾ ਹਿੰਝ,
ਰੋਕਦੇ ਰੋਕਦੇ ਵੀ ਨਾ ਰੁਕਦਾ ਵਹਿ ਜਾਂਦਾ ਪਤਾ ਨਹੀਂ ਕਿੰਝ,
ਸਬਰਾਂ ਦੇ ਘੁੱਟ ਭਰ ਹੀ ਲੈਂਦਾ, ਨੀਰ ਲਕੋ ਕੇ ਰੱਖਾਂ ਕਿੰਝ,
ਭੁੱਲ ਜਾਂਦਾ ਹਾਂ ਪੀੜਾਂ ਨੂੰ, ਸਭਨਾਂ ਨੂੰ ਦੁੱਖ ਦੱਸਾਂ ਕਿੰਝ?
ਆਪਣੇ ਹੀ ਆਪਣੇ ਤੋਂ ਏਥੇ ਰਹਿਣ ਕਰਦੇ ਸਾੜਾ,
ਉਲਝੀ ਜਹੀ ਬਣੀ ਜ਼ਿੰਦਗੀ, ਆਪਾ ਬਚਾ ਕੇ ਰੱਖਾਂ ਕਿੰਝ?
ਝੂਠੇ ਨਕਾਬ ਪਾ ਰੱਖਦੇ , ਆਲੇ ਦੁਆਲੇ ਘੁੰਮਦੇ ਮੇਰੇ ,
ਫਿਲਟਰੀ ਦੁਨੀਆਂ, ਦੋਗਲੇ ਲੋਕਾਂ ਚੋਂ ਆਪਣਾ ਕੋਈ ਲੱਭਾ ਕਿੰਝ?
ਮੇਰੇ ਮੁਰਸ਼ਦ ਤੇਰੇ ਅੱਗੇ, ਆ ਸੀਸ ਝੁਕਾ ਹੋ ਜਾਂਦਾ ਮਨ ਹੋਲਾ,
ਦੱਸ ਰਾਣੂ ਤੇਰੇ ਕੋਲੇ ਆ ਹੌਕੇ ਅੰਦਰੋ ਅੰਦਰੀ ਦੱਬਾਂ ਕਿੰਝ...??

ਗੁਰਜੀਤ ਕੌਰ ਰਾਣੂ

## ਰੂਹਾਨੀ ਮੁਹੱਬਤ ਦਾ ਹਿਸਾਬ ਕਿਤਾਬ ਓਦੋਂ ਪੱਲੇ ਪਿਆ ਜਦੋਂ ਇੱਕ ਤੋਂ ਦੋ ਹੋਣ ਦਾ ਸਬੱਬ ਬਣਿਆ..(ਹਰਪ੍ਰੀਤ ਸਿੰਘ ਜਵੰਦਾ)



ਰੂਹਾਨੀ ਮੁਹੱਬਤ ਦਾ ਹਿਸਾਬ ਕਿਤਾਬ ਓਦੋਂ ਪੱਲੇ ਪਿਆ ਜਦੋਂ ਇੱਕ ਤੋਂ ਦੋ ਹੋਣ ਦਾ ਸਬੱਬ ਬਣਿਆ..ਸਾਲ ਮਗਰੋਂ ਵਜੂਦ ਅੰਦਰੋਂ ਜਿਉਂਦੀ ਜਾਗਦੀ ਸ਼ੈ ਨੇ ਸਾਡੇ ਦੋਹਾਂ ਦੇ ਐਨ ਵਿਚਕਾਰ ਵਾਲੀ ਥਾਂ ਆਣ ਮੱਲੀ..!

ਪਹਿਲੋਂ ਮੇਰੇ ਤੇ ਅਨੇਕਾਂ ਬੰਦਿਸ਼ਾਂ ਪਾਬੰਦੀਆਂ..ਪੌਣਾ ਖਾਣਾ ਹੰਢਾਉਣਾ..ਕਿਦੇ ਨਾਲ ਗੱਲ ਕਰਨੀ..ਅੰਦਰ ਬਾਹਰ ਜਾਣਾ..ਸਭ ਕੁਝ ਇੱਕ ਹੋਰ ਧਿਰ ਤਹਿ ਕਰਿਆ ਕਰਦੀ ਸੀ..!

ਅੱਖਰ..ਸਿਆਹੀ..ਕਾਗਜ..ਵਰਕੇ

ਇਮਤਿਹਾਨ ਅਤੇ ਕਿਤਾਬਾਂ ਮੇਰੀ ਜਿੰਦਗੀ ਦਵਾਲੇ ਵਲਗਣ ਦਾ ਕੰਮ ਕਰਦੇ..!

ਮੇਰੇ ਮੁਕੱਦਰਾਂ ਦਾ ਉੱਚਾ ਲੰਮਾਂ ਸਿਕੰਦਰ..ਵਰਦੀ ਵਾਲਾ ਵੱਡਾ ਅਫਸਰ ਸੀ ਅਤੇ ਮੈਂ ਸਮਰਪਿਤ ਅਧਿਆਪਕਾ..ਹਮੇਸ਼ਾਂ ਰੱਬ ਦਾ ਸ਼ੁਕਰ ਕਰਦੀ..ਜਿੰਦਗੀ ਨੇ ਸਭ ਕੁਝ ਦਿੱਤਾ..ਇੱਜਤ ਮਾਣ ਰੁਤਬਾ ਸਿਫਤ ਸਲਾਹੁਤਾਂ..!

ਫੇਰ ਖੁਸ਼ੀ ਦੇ ਇਹ ਪਲ ਅੱਖ ਦੇ ਫ਼ੋਰ ਵਿੱਚ ਨਿੱਕਲ ਗਏ..ਪੁੱਤਰ ਵੱਡਾ ਹੋ ਕੇ ਅੱਗੋਂ ਪੜ੍ਹਾਈ ਕਰਨ ਬਾਹਰ ਚਲਾ..ਇੱਕ ਹੋਰ ਗੱਲ..ਮੇਰੀ ਜੀਵਨ ਪੱਤਰੀ ਵਿਚ ਚੋਥੀ ਧਿਰ ਦੀ ਆਮਦ ਵੀ ਹੋਈ..ਪਰ ਧੀ ਦਾ ਸੁਖ ਸ਼ਾਇਦ ਕਰਮਾਂ ਵਿਚ ਨਹੀਂ ਸੀ ਲਿਖਿਆ!

ਚਾਲੀਆਂ ਤੋਂ ਟੱਪਦਿਆਂ ਹੀ ਕੁਝ ਸਰੀਰਕ ਪੇਚੀਦਗੀਆਂ ਨੇ ਥਾਂ ਆਣ ਮੱਲੀ..ਓਪਰੇਸ਼ਨ ਦੇ ਬਾਅਦ ਵਜੂਦ ਥੋੜਾ ਭਾਰੀ ਹੋ ਗਿਆ..ਇੱਕ ਅਜੀਬ ਅਹਿਸਾਸ ਅਕਸਰ ਹੀ ਵਜੂਦ ਦੀਆਂ ਕੰਧਾਂ ਨਾਲ ਖਹਿ ਕੇ ਲੰਘਿਆ ਕਰਦਾ..ਇੰਝ ਲੱਗਦਾ ਇੱਕ ਨਿੱਜੀ ਸ਼ੈ ਪਲ ਪਲ ਮੈਥੋਂ ਦੂਰ ਹੁੰਦੀ ਜਾ ਰਹੀ ਹੈ..ਇਕੱਲਾ ਪਣ ਰੂਹ ਨੂੰ ਚੋਰੀ ਚੋਰੀ ਕੁਤਰਨ ਲੱਗਾ..ਕਿਸੇ ਦੇ ਕੋਲ ਹੋਣ ਦੀ ਤ੍ਰਿਸ਼ਨਾ ਮਨ ਤੇ ਭਾਰੂ ਹੁੰਦੀ ਤਾਂ ਮੈਂ ਸੰਸਾਰ ਜੰਗਲ ਵਿਚ ਇਕੱਲੀ ਭਟਕਣ ਨਿੱਕਲ ਜਾਂਦੀ..!

ਫੌਜੀ ਵਰਦੀ ਸਰੀਰਕ ਤੌਰ ਤੇ ਕੋਲ ਹੁੰਦੀ ਪਰ ਮਾਨਸਿਕਤਾ ਕਿਧਰੇ ਹੋਰ ਹੀ ਭਟਕ ਰਹੀ ਹੁੰਦੀ..ਜੀ ਕਰਦਾ ਇਸਦਾ ਫੋਨ ਕੰਧ ਨਾਲ ਮਾਰ ਕੇ ਭੰਨ ਦਿਆ..ਪਰ ਕੁਝ ਆਖਣ ਪੁੱਛਣ ਦਾ ਹੀਆ ਨਾ ਪੈਂਦਾ..ਬੱਸ ਅੰਦਰੋਂ ਅੰਦਰ ਹੀ ਇੱਕ ਜੰਗ ਚੱਲਦੀ ਰਹਿੰਦੀ..!

ਪ੍ਰਮੋਸ਼ਨ ਮਗਰੋਂ ਪੋਸਟਿੰਗ ਹੋਰ ਦੂਰ ਹੋ ਗਈ..ਨਾਗਾਲੈਂਡ ਕੋਹਿਮਾ ਵੱਲ..ਗੱਲ ਬਾਤ ਦਾ ਮਾਧਿਆਮ ਸਿਰਫ ਵਟ੍ਸ ਅੱਪ ਅਤੇ ਮਿਲਣਾ ਜੁਲਣਾ ਨਾ ਮਾਤਰ..!

ਫੇਰ ਜੀਵਨ ਜਾਚ ਨੇ ਇੱਕ ਕਸੂਤਾ ਜਿਹਾ ਪਾਸਾ ਵੱਟਿਆ..ਨਿੱਕੀ ਨਿੱਕੀ ਗੱਲ ਤੇ ਬਹਿਸ ਬੁਲਾਰਾ ਵੱਧ ਗਿਆ..ਮੁਹੱਬਤ ਵਾਲੀ ਕਿਆਰੀ ਅੰਦਰ ਲਾਏ ਬੂਟੇ ਵੀ ਸੁੱਕਣ ਲੱਗੇ..ਸਿਧੀ ਗੱਲ ਦਾ ਕਸੂਤਾ ਜਿਹਾ ਜੁਆਬ..ਕਦੇ ਰੱਜ ਕੇ ਲੜਾਈ ਤੇ ਕਦੇ ਕਦੇ ਇਸਤੋਂ ਵੀ ਬਹੁਤ ਅੱਗੇ..ਸਾਰੀ ਸਾਰੀ ਰਾਤ ਸੋਚਾਂ ਦੀ ਘੁੰਮਣ ਘੇਰੀ ਅੰਦਰ ਨਿੱਕਲ ਜਾਂਦੀ! ਘੰਟਿਆਂ ਬੱਧੀ ਸ਼ੀਸ਼ੇ ਮੂਹਰੇ ਖਲੋਤੀ ਕਿਆਫ਼ੇ ਲਾਉਂਦੀ ਰਹਿੰਦੀ..ਖੁਦ ਅੰਦਰੋਂ ਨੁਕਸ ਘਾਟਾਂ ਲੱਭਦੀ..ਹਰੇਕ ਤੇ ਹੀ ਗੁੱਸਾ ਆਉਂਦਾ..ਕਿਧਰੇ ਪੜ੍ਹਿਆ ਸੀ..ਸੂਰਜ ਨੂੰ ਗ੍ਰਹਿਣ ਓਦੋਂ ਲੱਗਦਾ ਜਦੋਂ ਕੋਈ ਤੀਜੀ ਧਿਰ ਐਨ ਵਿਚਕਾਰ ਆਣ ਬੈਠਦੀ..ਇਥੇ ਵੀ ਗ੍ਰਹਿਣ ਦੀ ਅਸਲ ਵਜਾ ਤੀਜੀ ਧਿਰ ਹੀ ਸੀ..ਉਮਰੋਂ ਕਾਫੀ ਛੋਟੀ..ਮੁੱਕ ਚੁਕੇ ਕਿਸੇ ਜੂਨੀਅਰ ਅਫਸਰ ਦੇ ਘਰੋਂ..ਘੋਖ ਵਾਲੀ ਰੰਬੀ ਨਾਲ ਥੋੜਾ ਡੂੰਘਾ ਪੱਟਿਆ ਤਾਂ ਹੋਰ ਵੀ ਕਿੰਨਾ ਕੁਝ ਪਤਾ ਲੱਗਾ..ਉਹ ਕੱਲੀ ਨਹੀਂ ਸਗੋਂ ਉਸ ਵਰਗੀਆਂ ਹੋਰ ਵੀ ਕਿੰਨੀਆਂ ਸਾਰੀਆਂ ਸਨ..ਸ਼ਾਹਿਦ ਦੀ ਝਾਕ ਵਿਚ ਉੱਡਦੀਆਂ ਫਿਰਦੀਆਂ ਡੰਗ ਮਾਰੂ ਸ਼ੈਵਾਂ!

ਸਿਕੰਦਰ ਨੂੰ ਬਿਹਾ ਭੋਜਨ ਪਸੰਦ ਨਹੀਂ ਸੀ..ਹਮੇਸ਼ਾਂ ਤਵੇ ਤੋਂ ਲੱਥਦੀ ਗਰਮ ਗਰਮ ਅਤੇ ਤਾਜੇ ਤੋੜੇ ਅੰਗੂਰਾਂ ਦਾ ਸ਼ੋਕੀਨ..ਅਕਸਰ ਆਖਦਾ ਕਿਸ਼ਮਿਸ਼ ਮੈਨੂੰ ਐਲਰਜੀ ਕਰਦੀ..! ਕਈ ਵੇਰ ਖੁਦ ਦਾ ਚੇਹਰਾ ਮੈਨੂੰ ਕਿਸ਼ਮਿਸ਼ ਵਰਗਾ ਲੱਗਣ ਲੱਗਾ..ਸੱਜਣ ਸਵਰਨ ਦੀ ਝਾਕ ਖੰਬ ਲਾ ਕੇ ਉੱਡ ਗਈ..ਸਿਰ ਤੇ ਧੌਲੇ ਚਿੱਟੀਆਂ ਲਿਟਾਂ..ਮੂੰਹ ਤੇ ਝੁਰੜੀਆਂ ਦੇ ਝਲਕਾਰੇ..!

ਖੁਦ ਦਾ ਬਚਾਅ ਕਰਦੀ ਆਖਦੀ..ਮੈਂ ਕੋਈ ਜੱਗੋਂ ਤੇਹਰਵੀਂ ਥੋੜਾ ਕੀਤੀ..ਉਮਰ ਦਾ ਸੁਹਾਗਾ ਤੇ ਹਰੇਕ ਤੇ ਹੀ ਫਿਰਦਾ ਆਇਆ..ਪਰ ਮੇਰੀ ਸੋਚ ਅਤੇ ਵਜੂਦ ਅੰਦਰ ਅਜੇ ਵੀ ਉਸ ਲਈ ਮੁਹੱਬਤ ਦਾ ਸਮੁੰਦਰ ਠਾਠਾਂ ਮਾਰ ਰਿਹਾ ਸੀ..!

ਬੇਟੇ ਨਾਲ ਦਿਲ ਫਰੋਲਿਆ..ਬਾਹਰ ਦੀ ਚਕਾ-ਚੌਂਧ..ਭੱਜ ਨੱਠ..ਉਸ ਨੇ ਸਭ ਕੁਝ ਵਹਿਮ ਵਾਲੀ ਪਟਾਰੀ ਅੰਦਰ ਸੁੱਟ ਕਿੰਨੀਆਂ ਸਾਰੀਆਂ ਦੁਨਿਆਵੀ ਥੈਰੇਪੀਆਂ ਘੱਲ ਦਿੱਤੀਆਂ..!

ਕਦੇ ਜੀ ਕਰਦਾ ਸਿਕੰਦਰ ਨੂੰ ਓਸੇ ਦੇ ਹਥਿਆਰ ਨਾਲ ਜੁਆਬ ਦੇਵਾਂ..ਇਸਦੇ ਮੂਹਰੇ ਕੋਈ ਤੀਜੀ ਧਿਰ ਲਿਆ ਖੜੀ ਕਰਾਂ..ਪਰ ਇੰਝ ਸ਼ਾਇਦ ਵੱਸੋਂ ਬਾਹਰ ਸੀ..ਜਮੀਰ ਦੀ ਕੰਧ ਤੇ ਟੰਗੀ ਬੀਜੀ ਬਾਪੂ ਦੀ ਫੋਟੋ ਨੇ ਲਾਹਨਤਾਂ ਜੂ ਪਾਉਣੀਆਂ ਸਨ..ਸ਼ੇਰ ਮਰਦਾ ਮਰ ਜਾਊ ਪਰ ਘਾਹ ਕਦੇ ਨਾ ਖਾਊ!

ਗੱਲ ਸਮੇਟਣੀ ਪੈਣੀ..ਉਸ ਦਿਨ ਵੀ ਬਹਿਸ ਮਗਰੋਂ ਕੌੜੀ ਪੁੜੀ ਮੁੱਠ ਵਿਚ ਘੁੱਟ ਕਿੰਨੀ ਦੇਰ ਉਡੀਕਦੀ ਰਹੀ..ਉਹ ਆਵੇਗਾ..ਗਲ਼ ਨਾਲ ਲਾਵੇਗਾ ਤੇ ਆਖੇਗਾ ਕਮਲੀਏ ਆਹ ਕੀ ਕਰਨ ਲੱਗੀ ਸੈਂ..!

ਪਰ ਉਹ ਨਹੀਂ ਆਇਆ..ਉਲਟਾ ਫੋਨ ਕਰ ਕੇ ਪੁੱਛਣ ਲੱਗਾ..ਤੂੰ ਅਜੇ ਮਰੀ ਨਹੀਂ..!

ਫੇਰ ਮੈਥੋਂ ਨਾ ਰਿਹਾ ਗਿਆ..ਹਾਲਾਂਕਿ ਕੁਝ ਨੇ ਇਸਨੂੰ ਬੁਝਦਿੱਲੀ ਦਾ ਵੀ ਨਾਮ ਦਿੱਤਾ..ਮਗਰੋਂ ਸੰਸਕਾਰ ਭੋਗ ਅੰਤਿਮ ਅਰਦਾਸ ਅਫਸੋਸ ਮਕਾਣਾਂ ਗੋਸ਼ਟੀਆਂ ਯਾਦਾਂ ਲੰਗਰ ਕਵੀ ਦਰਬਾਰ ਅਤੇ ਵਗਦੇ ਹੰਝੂਆਂ ਦੀ ਸੁਨਾਮੀ..!

ਲੋਕ ਹਮਦਰਦੀ ਜਤਾਉਣ ਆਉਂਦੇ..ਮੈਨੂੰ ਯਾਦ ਕਰਦੇ..ਚੰਗੀਆਂ ਗੱਲਾਂ ਸਾਮਣੇ ਜਾਹਿਰ ਕਰਦੇ..ਅਖੌਤੀ ਸਿਕੰਦਰ ਉੱਚੀ ਉੱਚੀ ਰੋ ਕੇ ਵਖਾ ਦਿੰਦਾ..ਅਗਲਾ ਬਰੂਹਾਂ ਵੀ ਨਾ ਟੱਪਦਾ ਤੇ ਇਸਦੇ ਚੇਹਰੇ ਤੇ ਸਭ ਕੁਝ ਸਾਫ..ਰੇਗਿਸਤਾਨ ਤੇ ਪਏ ਛਰਾਟੇ ਅਤੇ ਔੜ ਤੇ ਪਈ ਵਾਛੜ ਵਾਂਙ..ਦੋਗਲੇ ਪਣ ਦਾ ਮੁਜੱਸਮਾਂ..!

ਫੇਰ ਇੱਕ ਦਿਨ ਤੀਜੀ ਧਿਰ ਪੱਕੇ ਤੌਰ ਤੇ ਮੇਰੇ ਘਰ ਆਣ ਬੈਠੀ..ਮੈਂ ਫੋਟੋ ਫਰੇਮ ਵਿਚ ਲੱਗੀ ਰਹਿ ਗਈ..ਜਮੀਰ ਤੇ ਲੱਗਦੇ ਟੱਕ..ਮੇਰੇ ਬਿਸਤਰੇ ਤੇ ਮੇਰੀ ਰੂਹ ਨਿੱਤ ਹਲਾਲ ਹੁੰਦੀ..ਕਦੇ ਕਦੇ ਫੋਟੋ ਤੋਂ ਘੱਟਾ ਪੂੰਝ ਦਿੰਦਾ..ਅਖੀਰ ਯੱਬ ਮੁਕਾ ਦਿੱਤਾ..ਫੋਟੋ ਹੀ ਚੁੱਕ ਦਿੱਤੀ..ਇੱਕ ਮਿਆਨ ਵਿਚ ਦੋ ਤਲਵਾਰਾਂ ਕਿਥੇ ਟਿਕਦੀਆਂ!

ਅੱਜ ਦੂਰ ਵੱਸੀ ਇੱਕ ਦੁਨੀਆ ਵਿਚ ਖਬਰ ਮਿਲੀ..ਸਿਕੰਦਰ ਵੀ ਆ ਰਿਹਾ..ਇਸਨੂੰ ਉਡੀਕ ਰਹੀ ਹਾਂ..ਬੇਸਬਰੀ..ਬੇਤਾਬੀ ਨਾਲ..ਕਦੇ ਵੀ ਬਿੜਕ ਹੋ ਸਕਦੀ..ਮੇਰੇ ਅੰਦਰ ਇਕੱਠੇ ਹੋਏ ਕਿੰਨੇ ਸਵਾਲ ਨੇ..ਇਸਦੀ ਪਿਛਲੇ ਪੰਝੀਆਂ ਸਾਲਾਂ ਦੀ ਜਿੰਦਗੀ ਬਾਰੇ..!

ਪਰ ਮੇਰਾ ਸਭ ਤੋਂ ਪਹਿਲਾ ਸਵਾਲ..ਜਦੋਂ ਮੈਂ ਮੁਹੱਬਤ ਵਾਲਾ ਸਮੁੰਦਰ ਝੋਲੀ ਵਿਚ ਪਾਈ ਤੇਰੀ ਉਡੀਕ ਕਰ ਰਹੀ ਸਾਂ ਤਾਂ ਫੇਰ ਤੂੰ ਇੱਕ ਗੰਦੇ ਛੱਪੜ ਵਿਚ ਡੁਬਕੀ ਕਿਓਂ ਲਾਈ..ਪਰ ਮੈਨੂੰ ਪਤਾ ਇਸਨੇ ਅੱਖੀਆਂ ਹੀ ਨਹੀਂ ਮਿਲਾਉਣੀਆਂ..ਕਿਓਂਕੇ ਜਦੋਂ ਝੂਠਾ ਹੁੰਦਾ..ਇਹੋ ਤਕਨੀਕ ਵਰਤਦਾ ਹੁੰਦਾ ਸੀ..!

ਅਖੀਰੀ ਗੱਲ..ਇਹੋ ਜਿਹੇ ਸਿਕੰਦਰਾਂ ਦੇ ਮੂੰਹ ਮੋੜਨੇ ਹੋਣ ਤਾਂ ਪੋਰਸ ਬਣਨਾ ਪੈਂਦਾ..ਸਾਹ ਲੈਂਦਾ ਜਿਉਂਦਾ ਜਾਗਦਾ ਪੋਰਸ..!

ਹਰਪ੍ਰੀਤ ਸਿੰਘ ਜਵੰਦਾ

## ਏਥੇ ਲਿਖਦਾ ਹੁੰਦਾ, ਏਥੇ ਬਹਿੰਦਾ ਸੀ ਤਰਲੋਕ (ਲੇਖਕ : ਹਰਮੀਤ ਵਿਦਿਆਰਥੀ।)



ਏਥੇ ਲਿਖਦਾ ਹੁੰਦਾ, ਏਥੇ ਬਹਿੰਦਾ ਸੀ ਤਰਲੋਕ
ਅੱਜ ਵੀ ਚੌਵੀ ਫ਼ਰਵਰੀ ਹੈ...
ਤਰਲੋਕ ਜੱਜ ਦਾ ਜਨਮ ਦਿਨ
ਤੇਰਾਂ ਵਰ੍ਹੇ ਹੋ ਗਏ
ਉਹ 14 ਫ਼ਰਵਰੀ 2013 ਦਾ ਦਿਨ ਸੀ
ਜਦੋਂ ਤਰਲੋਕ ਜੱਜ ਨੇ ਆਪਣਾ ਹੀ ਸ਼ਿਅਰ
ਸੱਚਾ ਕਰ ਵਿਖਾਇਆ ਸੀ
"ਅਕਾਸ਼ਾਂ ਅਕਾਸ਼ ਤੇਰੀ ਖ਼ਬਰ ਨਹੀਂ
ਪਤਾਲਾਂ ਪਤਾਲ ਤੇਰੀ ਖ਼ਬਰ ਨਹੀਂ
ਤੂੰ ਜੋ ਦੱਸਿਆ ਉਸ ਨਾਂ ਦਾ ਕੋਈ ਦੇਸ਼ ਨਹੀਂ
ਇਹ ਤੂੰ ਸਾਨੂੰ ਕਿਸ ਥਾਂ ਦਾ ਸਿਰਨਾਵਾਂ ਬਖ਼ਸ਼ ਗਿਓਂ"

ਕੈਂਸਰ ਦੀ ਬਿਮਾਰੀ ਨਾਲ ਲੜਦਾ ਹਾਰ ਗਿਆ ਸੀ।

ਮੁਸ਼ਕੱਤ ਉਹਦਾ ਦੂਜਾ ਨਾਂ ਸੀ। ਸਧਾਰਣ ਪਰਿਵਾਰ ਚੋਂ ਉੱਠ ਕੇ ਪੰਜਾਬ ਸਟੇਟ ਵੇਅਰਹਾਊਸ ਕਾਰਪੋਰੇਸ਼ਨ ਦੀ ਕਲਰਕੀ ਕਰਦਿਆਂ ਵਕਾਲਤ ਕਰਨ ਦਾ ਝੱਸ ਉੱਠਿਆ ਤਾਂ ਇਸ ਚੁਣੌਤੀ ਨੂੰ ਪਾਰ ਕਰਦਿਆਂ ਐਲ.ਐਲ.ਬੀ.ਕੀਤੀ। ਨੌਕਰੀ ਛੱਡ ਕੇ ਫ਼ਿਰੋਜ਼ਪੁਰ ਦੀਆਂ ਕਚਿਹਰੀਆਂ ਵਿੱਚ ਪ੍ਰੈਕਟਿਸ ਸ਼ੁਰੂ ਕੀਤੀ। ਕੰਜ਼ਿਊਮਰ ਕੋਰਟ ਦੇ ਮੈਂਬਰ ਜੱਜ ਦੇ ਅਹੁਦੇ ਤੱਕ ਪੁੱਜਾ।

ਹਰਦਿਆਲ ਕੇਸ਼ੀ ਨਾਲ ਉਸਦੀ ਗਹਿ ਗੱਡਵੀਂ ਯਾਰੀ ਸੀ ਪਰ ਸ਼ਾਇਰੀ ਉਸਦੀ ਪਹਿਲੀ ਮੁਹੱਬਤ ਰਹੀ। "ਅਹਿਸਾਸ ਦੇ ਜ਼ਖ਼ਮ" ਉਸਦਾ ਪਹਿਲਾ ਗ਼ਜ਼ਲ ਸੰਗ੍ਰਹਿ ਸੀ ਤੇ "ਅੱਗ ਦੇ ਵਸਤਰ" ਤੇ ਆਖਰੀ। ਕੇਸ਼ੀ ਉਸ ਤੋਂ ਬਹੁਤ ਪਹਿਲਾਂ ਤੁਰ ਗਿਆ ਸੀ।

ਅੱਜ ਤਰਲੋਕ ਨੂੰ ਉਸਦੇ ਜਨਮ ਦਿਨ 'ਤੇ ਯਾਦ ਕਰਦਿਆਂ ਉਸ ਦੇ ਕੁਝ ਸ਼ਿਅਰ ਤੁਹਾਡੇ ਨਾਲ ਸਾਂਝੇ ਕਰਦਾ ਹਾਂ

ਅਸਾਂ ਅੱਗ ਦੇ ਵਸਤਰ ਪਾਉਣੇ ਨੇ, ਨਜ਼ਦੀਕ ਨਾ ਹੋ ।
ਅਸਾਂ ਧਰਤ ਅਕਾਸ਼ ਜਲਾਉਣੇ ਨੇ, ਨਜ਼ਦੀਕ ਨਾ ਹੋ ।
ਮੈਨੂੰ ਸ਼ੀਸ਼ੇ ਨੇ ਠੁਕਰਾ ਕੇ ਪੱਥਰ ਕੀਤਾ ਹੈ
ਹੁਣ ਮੈਂ ਸ਼ੀਸ਼ੇ ਤਿੜਕਾਉਣੇ ਨੇ, ਨਜ਼ਦੀਕ ਨਾ ਹੋ ।
ਜਾਹ ਤੈਥੋਂ ਮੇਰਾ ਸਾਥ ਨਿਭਾਇਆ ਨਹੀਂ ਜਾਣਾ
ਮੇਰੇ ਰਸਤੇ ਬੜੇ ਡਰਾਉਣੇ ਨੇ, ਨਜ਼ਦੀਕ ਨਾ ਹੋ ।
ਅਸਾਂ ਸਜਣਾ ਦੀ ਗਲਵਕੜੀ ਦਾ ਨਿੱਘ ਮਾਣ ਲਿਆ
ਹੁਣ ਦੁਸ਼ਮਣ ਗਲੇ ਲਗਾਉਣੇ ਨੇ ,ਨਜ਼ਦੀਕ ਨਾ ਹੋ ।
ਅਸੀਂ ਕੂੜ ਅਮਾਵਸ ਦਾ ਹੁਣ ਪਾਜ ਉਘੇੜਾਂਗੇ
ਅਸਾਂ ਸੱਚ ਦੇ ਦੀਪ ਜਲਾਉਣੇ ਨੇ ਨਜ਼ਦੀਕ ਨਾ ਹੋ ।

*****

ਖਿਡਾਰੀ ਕੌਣ ਹੈ, ਕਿਸ ਨੂੰ ਖਿਡਾਇਆ ਜਾ ਰਿਹੈ ਏਥੇ ।
ਇਸ਼ਾਰੇ ਤੇ ਕਿਹਦੇ, ਕਿਸਨੂੰ ਨਚਾਇਆ ਜਾ ਰਿਹੈ ਏਥੇ
ਜੇ ਬੁੱਤ ਬਣਕੇ ਕਿਸੇ ਵੀ ਚੌਕ ਵਿਚ ਲੱਗਣੈ, ਸਵਾਗਤ ਹੈ
ਜਿਉਂਦਾ ਆਦਮੀ ਪੱਥਰ ਬਣਾਇਆ ਜਾਰਿਹੈ ਏਥੇ ।
ਭਰੀ ਮਹਿਫ਼ਲ ਚ ਮੈਥੋਂ ਖੋਹ ਕੇ ਮੇਰੇ 'ਅੱਗ ਦੇ ਵਸਤਰ '
ਤੇ ਮੈਨੂੰ ਬਰਫ਼ ਦਾ ਜਾਮਾ ਪੁਆਇਆ ਜਾ ਰਿਹੈ ਏਥੇ ।

*****

ਕਿਤੇ ਦੀਵਾ ਜਗੇ, ਚਾਨਣ ਮਿਲੇ ਤਾਂ ਲੈ ਲਿਆ ਕਰਨਾ ।
ਕਿ ਮੇਰੇ ਵਾਂਗ ਨਾ ਹਰ ਕਿਰਨ ਪਰਖਣ ਲਗ ਪਿਆ ਕਰਨਾ ।
ਅੜੇ, ਡਿੱਗੇ, ਤੁਰੇ, ਫਿਰ ਡਿੱਗ ਪਏ, ਪਰ ਨਾ ਰੁਕੇ ਫਿਰ ਵੀ
ਅਜੇਹੇ ਸ਼ਖ਼ਸ ਮੰਜ਼ਲ ਪਾਉਣਗੇ, ਇਹ ਵੇਖਿਆ ਕਰਨਾ ।
ਕਿਸੇ ਇਕਰਾਰ ਦਾ ਗਲ ਘੁੱਟ ਕੇ ਬਦਨਾਮ ਨਾ ਹੋਣਾ
ਕੋਈ ਰਾਹਾਂ ਚ ਪੱਥਰ ਹੋ ਰਿਹੈ, ਇਹ ਸੋਚਿਆ ਕਰਨਾ ।
ਰਹੂ ਚਾਨਣ ਤੁਹਾਡੇ ਅੰਬਰੀ ਪਰ ਮੈਂ ਨਹੀਂ ਹੋਣਾ
ਨਹੀਂ ਦਿਲ ਨੂੰ ਡੁਲਾਉਣਾ, ਬਸ ' ਉਹ ਜਾਣੇ ' ਆਖਿਆ ਕਰਨਾ ।

*******

ਆਈ ਸਾਗਰਾਂ ਚ ਵਸਦੇ ਪਿਆਸਿਆਂ ਨੂੰ ਮੌਤ
ਜਿਵੇਂ ਜੰਗਲਾਂ ਚ ਜੋਗੀਆਂ ਉਦਾਸਿਆਂ ਨੂੰ ਮੌਤ ।
ਸਾਡੇ ਹੰਝੂਆਂ ਚ ਪੱਥਰਾਂ ਵੀ ਖੁਰ ਜਾਣਾ ਚਾਹਿਆ
ਕਿਉਂ ਨਾ ਆਈ ਤੇਰੇ ਵਰਗੇ ਪਤਾਸਿਆਂ ਨੂੰ ਮੌਤ।
ਹੁਣ ਤੇਰਾ ਕੀ ਵਜੂਦ ਬਸ ਖਾਤਮੇ ਤੇ ਹੈ
ਖਾ ਚੁੱਕੀ ' ਤਰਲੋਕ ' ਅੱਛੇ ਖਾਸਿਆਂ ਨੂੰ ਮੌਤ ।

*****

ਕੰਧਾਂ ਦੇ ਗਲ ਲੱਗ ਕੇ ਰੋਂਦਾ ਰਹਿੰਦਾ ਸੀ ਤਰਲੋਕ ।
ਆਪਣਾ ਆਪਣਾ ਫਿਰ ਵੀ ਸਭ ਨੂੰ ਕਹਿੰਦਾ ਸੀ ਤਰਲੋਕ ।
ਸਜਣਾ ਦੇ ਤਾਂ ਦਿਲ ਵਿਚ ਹੀ ਘਰ ਕਰ ਲੈਂਦਾ ਸੀ ਚੰਦਰਾ
ਦੁਸ਼ਮਣ ਦੇ ਵੀ ਨੇੜੇ ਢੁਕ ਢੁਕ ਬਹਿੰਦਾ ਸੀ ਤਰਲੋਕ ।
ਉਸ ਨਗਰੀ ਚੋਂ ਸਹਿਰਾ ਬਣ ਕੇ ਤੁਰ ਚੱਲਿਆ ਹੈ ਆਖਰ
ਜਿਸ ਨਗਰੀ ਵਿਚ ਸਾਗਰ ਬਣ ਕੇ ਵਹਿੰਦਾ ਸੀ ਤਰਲੋਕ ।
ਮਿੱਤਰਾਂ ਦੀ ਮਿਜਬਾਨੀ ਖਾਤਰ ਸੀਸ ਤਲੀ ਤੇ ਧਰਕੇ
ਸਿਰ ਧੜ ਦੀ ਬਾਜ਼ੀ ਲਈ ਤਤਪਰ ਰਹਿੰਦਾ ਸੀ ਤਰਲੋਕ ।
ਸੋਚੇਗੀ ਜਦ ਸਾਂਭੇਗੀ ਉਹ ਮੇਰੇ ਕੁਰਸੀ ਮੇਜ਼
ਏਥੇ ਲਿਖਦਾ ਹੁੰਦਾ, ਏਥੇ ਬਹਿੰਦਾ ਸੀ ਤਰਲੋਕ ।

ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ
ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ



## ਪ੍ਰਧਾਨ ਮੰਤਰੀ ਕਿਸਾਨ ਸੰਮਾਨ ਨਿਧੀ ਯੋਜਨਾ (PM Kisan Samman Nidhi Yojana) ਭਾਰਤ ਸਰਕਾਰ ਵੱਲੋਂ ਚਲਾਈ ਜਾ ਰਹੀ ਇੱਕ

### ਮਹੱਤਵਪੂਰਨ ਸਕੀਮ ਹੈ ਜੋ ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਦੀ ਹੈ।

ਪ੍ਰਧਾਨ ਮੰਤਰੀ ਕਿਸਾਨ ਸੰਮਾਨ ਨਿਧੀ ਯੋਜਨਾ (PM Kisan Samman Nidhi Yojana) ਭਾਰਤ ਸਰਕਾਰ ਵੱਲੋਂ ਚਲਾਈ ਜਾ ਰਹੀ ਇੱਕ ਮਹੱਤਵਪੂਰਨ ਸਕੀਮ ਹੈ ਜੋ ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਦੀ ਹੈ। ਇਸ ਯੋਜਨਾ ਤਹਿਤ ਹਰ ਸਾਲ 6000 ਰੁਪਏ ਦੀ ਮਦਦ ਦਿੱਤੀ ਜਾਂਦੀ ਹੈ ਜੋ ਤਿੰਨ ਕਿਸ਼ਤਾਂ ਵਿੱਚ ਵੰਡੀ ਜਾਂਦੀ ਹੈ – ਹਰ ਕਿਸ਼ਤ 2000 ਰੁਪਏ ਦੀ। ਇਹ ਰਕਮ ਸਿੱਧੇ ਕਿਸਾਨ ਦੇ ਬੈਂਕ ਖਾਤੇ ਵਿੱਚ ਡਾਇਰੈਕਟ ਬੈਨੀਫਿਟ ਟ੍ਰਾਂਸਫਰ (DBT) ਰਾਹੀਂ ਭੇਜੀ ਜਾਂਦੀ ਹੈ। ਇਸ ਸਕੀਮ ਦਾ ਮੁੱਖ ਉਦੇਸ਼ ਕਿਸਾਨਾਂ ਨੂੰ ਖੇਤੀਬਾੜੀ ਖਰਚਿਆਂ, ਬੀਜ-ਖਾਦ ਅਤੇ ਘਰੇਲੂ ਲੋੜਾਂ ਲਈ ਮੱਦਦ ਕਰਨਾ ਹੈ।

ਹੁਣ ਤੱਕ 21ਵੀਂ ਕਿਸ਼ਤ ਨਵੰਬਰ 2025 ਵਿੱਚ ਜਾਰੀ ਕੀਤੀ ਜਾ ਚੁੱਕੀ ਹੈ ਜਿਸ ਵਿੱਚ ਕਰੋੜਾਂ ਕਿਸਾਨਾਂ ਨੂੰ ਫਾਇਦਾ ਹੋਇਆ। 22ਵੀਂ ਕਿਸ਼ਤ ਬਾਰੇ ਤਾਜ਼ਾ ਅਪਡੇਟ ਅਨੁਸਾਰ, ਸਰਕਾਰ ਵੱਲੋਂ ਅਜੇ ਅਧਿਕਾਰਤ ਤਾਰੀਖ ਐਲਾਨ ਨਹੀਂ ਕੀਤੀ ਗਈ ਪਰ ਵੱਖ-ਵੱਖ ਰਿਪੋਰਟਾਂ ਅਤੇ ਪਿਛਲੇ ਪੈਟਰਨ ਨੂੰ ਵੇਖਦੇ ਹੋਏ ਇਹ ਫਰਵਰੀ 2026 ਦੇ ਅੰਤ ਵਿੱਚ ਜਾਂ ਮਾਰਚ 2026 ਦੇ ਸ਼ੁਰੂ ਵਿੱਚ (ਸੰਭਾਵਿਤ ਤੌਰ 'ਤੇ 25 ਫਰਵਰੀ ਤੋਂ 5 ਮਾਰਚ ਜਾਂ ਹੋਲੀ ਤੋਂ ਪਹਿਲਾਂ) ਜਾਰੀ ਹੋ ਸਕਦੀ ਹੈ। ਕੁਝ ਸੂਤਰਾਂ ਅਨੁਸਾਰ 28 ਫਰਵਰੀ 2026 ਨੂੰ ਜਾਂ ਮਾਰਚ ਦੇ ਪਹਿਲੇ ਹਫ਼ਤੇ ਵਿੱਚ ਪੈਸੇ ਆਉਣ ਦੀ ਸੰਭਾਵਨਾ ਹੈ। ਇਹ ਰਕਮ 9 ਕਰੋੜ ਤੋਂ ਵੱਧ ਯੋਗ ਕਿਸਾਨਾਂ ਦੇ ਖਾਤਿਆਂ ਵਿੱਚ ਪਹੁੰਚੇਗੀ।

ਪਰ ਇਸ ਵਾਰ ਵੱਡੀ ਅਪਡੇਟ ਇਹ ਹੈ ਕਿ ਸਰਕਾਰ ਨੇ ਵੱਡੇ ਪੱਧਰ 'ਤੇ ਰੀ-ਵੈਰੀਫਿਕੇਸ਼ਨ ਕੀਤੀ ਹੈ ਤਾਂ ਜੋ ਸਿਰਫ਼ ਸੱਚੇ ਅਤੇ ਯੋਗ ਕਿਸਾਨਾਂ ਨੂੰ ਹੀ ਫਾਇਦਾ ਮਿਲੇ। ਇਸ ਕਾਰਨ ਲੱਖਾਂ ਕਿਸਾਨਾਂ ਦੇ ਨਾਂ ਬੈਨੀਫਿਸ਼ਰੀ ਲਿਸਟ ਵਿੱਚੋਂ ਹਟਾਏ ਗਏ ਹਨ। ਮੁੱਖ ਕਾਰਨ ਹਨ – ਈ-ਕੇਵਾਈਸੀ ਨਾ ਹੋਣਾ, ਆਧਾਰ ਅਤੇ ਬੈਂਕ ਖਾਤੇ ਦਾ ਲਿੰਕ ਨਾ ਹੋਣਾ, ਜ਼ਮੀਨ ਦੇ ਰਿਕਾਰਡ ਵਿੱਚ ਗੜਬੜੀ, 1 ਫਰਵਰੀ 2019 ਤੋਂ ਬਾਅਦ ਰਜਿਸਟਰਡ ਜ਼ਮੀਨਾਂ, ਜਾਂ ਇੱਕੋ ਪਰਿਵਾਰ ਤੋਂ ਦੋ ਵਿਅਕਤੀਆਂ (ਜਿਵੇਂ ਪਤੀ-ਪਤਨੀ) ਦੇ ਨਾਂ 'ਤੇ ਰਜਿਸਟਰੇਸ਼ਨ। ਇੱਕ ਪਰਿਵਾਰ ਨੂੰ ਸਿਰਫ਼ ਇੱਕ ਵਿਅਕਤੀ ਹੀ ਫਾਇਦਾ ਲੈ ਸਕਦਾ ਹੈ (ਪਤੀ, ਪਤਨੀ ਅਤੇ ਨਾਬਾਲਗ ਬੱਚੇ ਇੱਕ ਯੂਨਿਟ ਮੰਨੇ ਜਾਂਦੇ ਹਨ)। ਜੇ ਵੈਰੀਫਿਕੇਸ਼ਨ ਤੋਂ ਬਾਅਦ ਯੋਗ ਪਾਏ ਜਾਣ ਤਾਂ ਪੁਰਾਣੀਆਂ ਕਿਸ਼ਤਾਂ ਵੀ ਮਿਲ ਸਕਦੀਆਂ ਹਨ, ਨਹੀਂ ਤਾਂ ਪਹਿਲਾਂ ਮਿਲੀ ਰਕਮ ਵਾਪਸ ਵੀ ਲਈ ਜਾ ਸਕਦੀ ਹੈ।

ਪੰਜਾਬ ਦੇ ਕਿਸਾਨਾਂ ਲਈ ਇਹ ਬਹੁਤ ਮਹੱਤਵਪੂਰਨ ਹੈ ਕਿਉਂਕਿ ਇੱਥੇ ਬਹੁਤ ਸਾਰੇ ਛੋਟੇ ਕਿਸਾਨ ਇਸ ਸਕੀਮ 'ਤੇ ਨਿਰਭਰ ਹਨ। ਜੇ ਤੁਹਾਡਾ ਨਾਂ ਲਿਸਟ ਵਿੱਚ ਨਹੀਂ ਹੈ ਜਾਂ ਪੈਸੇ ਨਹੀਂ ਆ ਰਹੇ ਤਾਂ ਸਭ ਤੋਂ ਪਹਿਲਾਂ ਈ-ਕੇਵਾਈਸੀ ਪੂਰਾ ਕਰੋ। ਇਹ ਆਨਲਾਈਨ ਮੋਬਾਈਲ ਐਪ ਰਾਹੀਂ ਫੇਸ ਰਿਕੋਗਨੀਸ਼ਨ ਨਾਲ ਜਾਂ ਨੇੜਲੇ ਕਾਮਨ ਸਰਵਿਸ ਸੈਂਟਰ (CSC) 'ਤੇ ਜਾ ਕੇ ਕੀਤਾ ਜਾ ਸਕਦਾ ਹੈ। ਆਧਾਰ ਕਾਰਡ ਬੈਂਕ ਖਾਤੇ ਨਾਲ ਲਿੰਕ ਹੋਣਾ ਲਾਜ਼ਮੀ ਹੈ।

ਆਪਣਾ ਸਟੇਟਸ ਜਾਂ ਬੈਨੀਫਿਸ਼ਰੀ ਲਿਸਟ ਚੈੱਕ ਕਰਨ ਦੇ ਸਟੈਪਸ:

ਅਧਿਕਾਰਤ ਵੈੱਬਸਾਈਟ pmkisan.gov.in 'ਤੇ ਜਾਓ।

ਹੋਮਪੇਜ 'ਤੇ "Farmers Corner" ਜਾਂ "Kisan Corner" ਵਿੱਚ "Know Your Status" ਜਾਂ "Beneficiary Status" 'ਤੇ ਕਲਿੱਕ ਕਰੋ।

ਆਪਣਾ ਰਜਿਸਟ੍ਰੇਸ਼ਨ ਨੰਬਰ ਜਾਂ ਮੋਬਾਈਲ ਨੰਬਰ ਦਾਖਲ ਕਰੋ ਅਤੇ ਕੈਪਚਾ ਭਰੋ।

"Get Data" 'ਤੇ ਕਲਿੱਕ ਕਰਕੇ ਵੇਰਵੇ ਵੇਖੋ। ਜੇ ਈ-ਕੇਵਾਈਸੀ "Yes" ਹੈ ਤਾਂ ਠੀਕ ਹੈ, ਨਹੀਂ ਤਾਂ ਤੁਰੰਤ ਪੂਰਾ ਕਰੋ।

ਵਿਲੇਜ ਵਾਈਜ਼ ਲਿਸਟ ਲਈ "Beneficiary List" ਸੈਕਸ਼ਨ ਵਿੱਚ ਸਟੇਟ, ਡਿਸਟ੍ਰਿਕਟ, ਸਬ-ਡਿਸਟ੍ਰਿਕਟ, ਬਲਾਕ ਅਤੇ ਵਿਲੇਜ ਚੁਣ ਕੇ ਰਿਪੋਰਟ ਵੇਖੋ।

ਜੇ ਨਾਂ ਨਹੀਂ ਮਿਲ ਰਿਹਾ ਤਾਂ ਕਾਰਨ ਹੋ ਸਕਦੇ ਹਨ – ਡਾਕੂਮੈਂਟ ਵੈਰੀਫਿਕੇਸ਼ਨ ਅਧੂਰੀ, ਜ਼ਮੀਨ ਰਿਕਾਰਡ ਵਿੱਚ ਗਲਤੀ ਜਾਂ ਅਯੋਗਤਾ। ਅਜਿਹੇ ਕਿਸਾਨ ਨੇੜਲੇ ਪੰਚਾਇਤ ਜਾਂ ਐਗਰੀਕਲਚਰ ਆਫਿਸ ਵਿੱਚ ਸੰਪਰਕ ਕਰ ਸਕਦੇ ਹਨ। ਯਾਦ ਰੱਖੋ, ਫੇਕ ਨਿਊਜ਼ ਜਾਂ ਫਰਜ਼ੀ ਲਿੰਕਾਂ ਤੋਂ ਬਚੋ – ਸਿਰਫ਼ ਅਧਿਕਾਰਤ ਵੈੱਬਸਾਈਟ ਜਾਂ ਐਪ ਵਰਤੋ।ਇਹ ਸਕੀਮ ਕਿਸਾਨਾਂ ਲਈ ਵਰਦਾਨ ਸਾਬਤ ਹੋ ਰਹੀ ਹੈ ਪਰ ਸਹੀ ਵੈਰੀਫਿਕੇਸ਼ਨ ਨਾਲ ਹੀ ਫਾਇਦਾ ਮਿਲਦਾ ਹੈ। ਜੇ ਤੁਸੀਂ ਪੰਜਾਬ ਤੋਂ ਹੋ ਅਤੇ ਲੁਧਿਆਣਾ ਏਰੀਆ ਵਿੱਚ ਰਹਿੰਦੇ ਹੋ ਤਾਂ ਜਲਦੀ ਈ-ਕੇਵਾਈਸੀ ਅਤੇ ਸਟੇਟਸ ਚੈੱਕ ਕਰ ਲਓ ਤਾਂ ਜੋ 22ਵੀਂ ਕਿਸ਼ਤ ਤੋਂ ਵਾਂਝੇ ਨਾ ਰਹੋ। ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਸਿਰਫ਼ ਵੈਰੀਫਾਈਡ ਅਤੇ ਯੋਗ ਕਿਸਾਨਾਂ ਨੂੰ ਹੀ 22ਵੀਂ ਕਿਸ਼ਤ ਮਿਲੇਗੀ। ਆਪਣੇ ਹੱਕਾਂ ਬਾਰੇ ਜਾਗਰੂਕ ਰਹੋ ਅਤੇ ਸਮੇਂ ਸਿਰ ਵੈਰੀਫਿਕੇਸ਼ਨ ਪੂਰੀ ਕਰੋ। ਇਸ ਨਾਲ ਨਾ ਸਿਰਫ਼ ਤੁਹਾਨੂੰ ਫਾਇਦਾ ਹੋਵੇਗਾ ਸਗੋਂ ਸਕੀਮ ਨੂੰ ਵੀ ਵਧੇਰੇ ਪਾਰਦਰਸ਼ੀ ਬਣਾਇਆ ਜਾ ਸਕੇਗਾ।ਪਰ ਇਸ ਵਾਰ ਵੱਡੀ ਅਪਡੇਟ ਇਹ ਹੈ ਕਿ ਸਰਕਾਰ ਨੇ ਵੱਡੇ ਪੱਧਰ 'ਤੇ ਰੀ-ਵੈਰੀਫਿਕੇਸ਼ਨ ਕੀਤੀ ਹੈ ਤਾਂ ਜੋ ਸਿਰਫ਼ ਸੱਚੇ ਅਤੇ ਯੋਗ ਕਿਸਾਨਾਂ ਨੂੰ ਹੀ ਫਾਇਦਾ ਮਿਲੇ। ਇਸ ਕਾਰਨ ਲੱਖਾਂ ਕਿਸਾਨਾਂ ਦੇ ਨਾਂ ਬੈਨੀਫਿਸ਼ਰੀ ਲਿਸਟ ਵਿੱਚੋਂ ਹਟਾਏ ਗਏ ਹਨ। ਮੁੱਖ ਕਾਰਨ ਹਨ – ਈ-ਕੇਵਾਈਸੀ ਨਾ ਹੋਣਾ, ਆਧਾਰ ਅਤੇ ਬੈਂਕ ਖਾਤੇ ਦਾ ਲਿੰਕ ਨਾ ਹੋਣਾ, ਜ਼ਮੀਨ ਦੇ ਰਿਕਾਰਡ ਵਿੱਚ ਗੜਬੜੀ, 1 ਫਰਵਰੀ 2019 ਤੋਂ ਬਾਅਦ ਰਜਿਸਟਰਡ ਜ਼ਮੀਨਾਂ, ਜਾਂ ਇੱਕੋ ਪਰਿਵਾਰ ਤੋਂ ਦੋ ਵਿਅਕਤੀਆਂ (ਜਿਵੇਂ ਪਤੀ-ਪਤਨੀ) ਦੇ ਨਾਂ 'ਤੇ ਰਜਿਸਟਰੇਸ਼ਨ। ਇੱਕ ਪਰਿਵਾਰ ਨੂੰ ਸਿਰਫ਼ ਇੱਕ ਵਿਅਕਤੀ ਹੀ ਫਾਇਦਾ ਲੈ ਸਕਦਾ ਹੈ (ਪਤੀ, ਪਤਨੀ ਅਤੇ ਨਾਬਾਲਗ ਬੱਚੇ ਇੱਕ ਯੂਨਿਟ ਮੰਨੇ ਜਾਂਦੇ ਹਨ)। ਜੇ ਵੈਰੀਫਿਕੇਸ਼ਨ ਤੋਂ ਬਾਅਦ ਯੋਗ ਪਾਏ ਜਾਣ ਤਾਂ ਪੁਰਾਣੀਆਂ ਕਿਸ਼ਤਾਂ ਵੀ ਮਿਲ ਸਕਦੀਆਂ ਹਨ, ਨਹੀਂ ਤਾਂ ਪਹਿਲਾਂ ਮਿਲੀ ਰਕਮ ਵਾਪਸ ਵੀ ਲਈ ਜਾ ਸਕਦੀ ਹੈ।ਪੰਜਾਬ ਦੇ ਕਿਸਾਨਾਂ ਲਈ ਇਹ ਬਹੁਤ ਮਹੱਤਵਪੂਰਨ ਹੈ ਕਿਉਂਕਿ ਇੱਥੇ ਬਹੁਤ ਸਾਰੇ ਛੋਟੇ ਕਿਸਾਨ ਇਸ ਸਕੀਮ 'ਤੇ ਨਿਰਭਰ ਹਨ। ਜੇ ਤੁਹਾਡਾ ਨਾਂ ਲਿਸਟ ਵਿੱਚ ਨਹੀਂ ਹੈ ਜਾਂ ਪੈਸੇ ਨਹੀਂ ਆ ਰਹੇ ਤਾਂ ਸਭ ਤੋਂ ਪਹਿਲਾਂ ਈ-ਕੇਵਾਈਸੀ ਪੂਰਾ ਕਰੋ। ਇਹ ਆਨਲਾਈਨ ਮੋਬਾਈਲ ਐਪ ਰਾਹੀਂ ਫੇਸ ਰਿਕੋਗਨੀਸ਼ਨ ਨਾਲ ਜਾਂ ਨੇੜਲੇ ਕਾਮਨ ਸਰਵਿਸ ਸੈਂਟਰ (CSC) 'ਤੇ ਜਾ ਕੇ ਕੀਤਾ ਜਾ ਸਕਦਾ ਹੈ। ਆਧਾਰ ਕਾਰਡ ਬੈਂਕ ਖਾਤੇ ਨਾਲ ਲਿੰਕ ਹੋਣਾ ਲਾਜ਼ਮੀ ਹੈ।ਹੁਣ ਤੱਕ 21ਵੀਂ ਕਿਸ਼ਤ ਨਵੰਬਰ 2025 ਵਿੱਚ ਜਾਰੀ ਕੀਤੀ ਜਾ ਚੁੱਕੀ ਹੈ ਜਿਸ ਵਿੱਚ ਕਰੋੜਾਂ ਕਿਸਾਨਾਂ ਨੂੰ ਫਾਇਦਾ ਹੋਇਆ। 22ਵੀਂ ਕਿਸ਼ਤ ਬਾਰੇ ਤਾਜ਼ਾ ਅਪਡੇਟ ਅਨੁਸਾਰ, ਸਰਕਾਰ ਵੱਲੋਂ ਅਜੇ ਅਧਿਕਾਰਤ ਤਾਰੀਖ ਐਲਾਨ ਨਹੀਂ ਕੀਤੀ ਗਈ ਪਰ ਵੱਖ-ਵੱਖ ਰਿਪੋਰਟਾਂ ਅਤੇ ਪਿਛਲੇ ਪੈਟਰਨ ਨੂੰ ਵੇਖਦੇ ਹੋਏ

# ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਇੱਕ ਰੈਲੀ ਵਿੱਚ ਵੱਡਾ ਖੁਲਾਸਾ ਕੀਤਾ ਹੈ



*ਸਤਲੁਜ-ਯਮੁਨਾ ਲਿੰਕ ਨਹਿਰ (ਐਸ.ਵਾਈ.ਐੱਲ.) ਦੇ ਸਰਵੇ ਲਈ ਪੂਰਵ ਅਧਿਕਾਰੀ ਚੌਧਰੀ ਦੇਵੀ ਲਾਲ ਨੂੰ ਪ੍ਰਕਾਸ਼ ਸਿੰਘ ਬਾਦਲ ਨੇ ਆਗਿਆ ਦਿੱਤੀ ਸੀ।*

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਇੱਕ ਰੈਲੀ ਵਿੱਚ ਵੱਡਾ ਖੁਲਾਸਾ ਕੀਤਾ ਹੈ ਕਿ ਸਤਲੁਜ-ਯਮੁਨਾ ਲਿੰਕ ਨਹਿਰ (ਐਸ.ਵਾਈ.ਐੱਲ.) ਦੇ ਸਰਵੇ ਲਈ ਪੂਰਵ ਅਧਿਕਾਰੀ ਚੌਧਰੀ ਦੇਵੀ ਲਾਲ ਨੂੰ ਪ੍ਰਕਾਸ਼ ਸਿੰਘ ਬਾਦਲ ਨੇ ਆਗਿਆ ਦਿੱਤੀ ਸੀ। ਇਹ ਗੱਲ ਉਨ੍ਹਾਂ ਨੇ ਜ਼ੀਰਾ ਹਲਕੇ ਦੇ ਬਲਾਕ ਮੱਖੂ ਵਿੱਚ ਅਨਾਜ ਮੰਡੀ ਵਿੱਚ ਰੱਖੀ ਰੈਲੀ ਦੌਰਾਨ ਕਹੀ। ਇਸ ਮੌਕੇ ਉਨ੍ਹਾਂ ਨੇ ਫ਼ਿਰੋਜ਼ਪੁਰ ਫੀਡਰ ਨਹਿਰ ਦੀ ਰੀਲਾਈਨਿੰਗ ਦਾ ਵੀ ਉਦਘਾਟਨ ਕੀਤਾ ਅਤੇ ਆਮ ਆਦਮੀ ਪਾਰਟੀ ਦੇ ਵਰਕਰਾਂ ਨੂੰ ਸੰਬੋਧਨ ਕੀਤਾ।

ਮੁੱਖ ਮੰਤਰੀ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਪੰਜਾਬ ਦੀਆਂ ਨਹਿਰਾਂ ਦਾ ਪਾਣੀ ਜੋ ਪਹਿਲਾਂ ਹਰਿਆਣਾ ਅਤੇ ਰਾਜਸਥਾਨ ਵੱਲ ਜਾਂਦਾ ਸੀ, ਉਸ ਨੂੰ ਪੰਜਾਬ ਦੇ ਖੇਤਾਂ ਵਿੱਚ ਪਹੁੰਚਾ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਅੰਦਰ 2200 ਕਿਲੋਮੀਟਰ ਤੋਂ ਵੱਧ ਪਾਈਪਲਾਈਨਾਂ ਵਿਛਾਈਆਂ ਗਈਆਂ ਹਨ ਜਿਸ ਨਾਲ ਖੇਤਾਂ ਤੱਕ ਪਾਣੀ ਪਹੁੰਚ ਰਿਹਾ ਹੈ। ਹੁਣ ਰਾਜਸਥਾਨ ਅਤੇ ਹਰਿਆਣਾ ਨੂੰ ਉਨ੍ਹਾਂ ਦਾ ਬਣਦਾ ਹਿੱਸਾ ਹੀ ਦਿੱਤਾ ਜਾਵੇਗਾ, ਵਾਧੂ ਇੱਕ ਬੂੰਦ ਵੀ ਨਹੀਂ।

ਐਸ.ਵਾਈ.ਐੱਲ. ਮੁੱਦੇ 'ਤੇ ਬੋਲਦਿਆਂ ਉਨ੍ਹਾਂ ਨੇ ਦੋਸ਼ ਲਾਇਆ ਕਿ ਪ੍ਰਕਾਸ਼ ਸਿੰਘ ਬਾਦਲ ਨੇ ਦੇਵੀ ਲਾਲ ਨੂੰ ਐਸ.ਵਾਈ.ਐੱਲ. ਦੇ ਸਰਵੇ ਦੀ ਇਜਾਜ਼ਤ ਦਿੱਤੀ ਸੀ। ਇਸ ਦੇ ਬਦਲੇ ਵਿੱਚ ਪੰਜਾਬ ਸਰਕਾਰ ਦੇ ਖਜ਼ਾਨੇ ਵਿੱਚ 2 ਕਰੋੜ ਰੁਪਏ ਪਵਾਏ ਗਏ ਸਨ ਅਤੇ ਗੁੜਗਾਓਂ ਵਿੱਚ ਹੋਟਲ (ਓਬਰਾਏ) ਬਣਾਉਣ ਲਈ ਜ਼ਮੀਨ ਲਈ ਗਈ ਸੀ। ਉਨ੍ਹਾਂ ਕਿਹਾ ਕਿ ਜਦੋਂ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਐਸ.ਵਾਈ.ਐੱਲ. ਨਹਿਰ ਦਾ ਨੀਂਹ ਪੱਥਰ ਰੱਖਣ ਆਈ ਸੀ ਤਾਂ ਕੈਪਟਨ ਅਮਰਿੰਦਰ ਸਿੰਘ ਨੇ ਇਸ ਨੂੰ "ਚਾਂਦੀ" ਕਹਿ ਕੇ ਸਵਾਗਤ ਕੀਤਾ ਸੀ। ਪਰ ਅੱਜ ਵੀ ਅਕਾਲੀ ਅਤੇ ਕਾਂਗਰਸੀ ਆਗੂ ਰੌਲਾ ਪਾ ਰਹੇ ਹਨ ਕਿ ਉਹ ਪੰਜਾਬ ਦਾ ਇੱਕ ਬੂੰਦ ਵੀ ਪਾਣੀ ਦੂਜੇ ਰਾਜਾਂ ਨੂੰ ਨਹੀਂ ਜਾਣ ਦੇਣਗੇ।

ਭਗਵੰਤ ਮਾਨ ਨੇ ਯਾਦ ਕਰਵਾਇਆ ਕਿ ਜਦੋਂ ਪੰਜਾਬ ਵਿੱਚ ਹੜ੍ਹ ਆਏ ਸਨ ਤਾਂ ਹਰਿਆਣਾ ਅਤੇ ਰਾਜਸਥਾਨ ਨੂੰ ਪੁੱਛਿਆ ਗਿਆ ਸੀ ਕਿ ਕੀ ਉਨ੍ਹਾਂ ਨੂੰ ਪਾਣੀ ਚਾਹੀਦਾ ਹੈ, ਪਰ ਉਨ੍ਹਾਂ ਨੇ ਇਨਕਾਰ ਕਰ ਦਿੱਤਾ ਸੀ। ਉਸ ਸਮੇਂ ਪੰਜਾਬ ਆਫ਼ਤ ਦੀ ਮਾਰ ਹੇਠ ਸੀ ਪਰ ਉਹ ਪਾਣੀ ਲੈਣ ਤੋਂ ਬਚ ਗਏ। ਉਨ੍ਹਾਂ ਕਿਹਾ ਕਿ ਯਮੁਨਾ ਨਦੀ ਕਈ ਰਾਜਾਂ ਤੱਕ ਵਹਿੰਦੀ ਹੈ ਅਤੇ ਪੰਜਾਬ ਕੋਲ ਵਾਧੂ ਪਾਣੀ ਨਹੀਂ ਹੈ ਜੋ ਦੂਜੇ ਰਾਜਾਂ ਨੂੰ ਦਿੱਤਾ ਜਾ ਸਕੇ। ਉਨ੍ਹਾਂ ਕੇਂਦਰ ਸਰਕਾਰ ਨੂੰ ਕਿਹਾ ਹੈ ਕਿ ਯਮੁਨਾ ਦਾ ਪਾਣੀ ਪੰਜਾਬ ਨੂੰ ਦਿੱਤਾ ਜਾਵੇ।

ਇਸ ਰੈਲੀ ਵਿੱਚ ਵੱਖ-ਵੱਖ ਵਿਭਾਗਾਂ ਦੇ ਕੈਬਨਿਟ ਮੰਤਰੀ ਅਤੇ ਵਿਧਾਇਕ ਵੀ ਮੌਜੂਦ ਸਨ। ਮੁੱਖ ਮੰਤਰੀ ਨੇ ਆਪਣੀ ਸਰਕਾਰ ਦੇ ਕੰਮਾਂ ਨੂੰ ਗਿਣਾਉਂਦਿਆਂ ਕਿਹਾ ਕਿ ਉਹ ਪੰਜਾਬ ਦੇ ਹਿੱਤਾਂ ਦੀ ਰੱਖਿਆ ਲਈ ਪੂਰੀ ਤਾਕਤ ਨਾਲ ਲੜ ਰਹੇ ਹਨ ਅਤੇ ਪਾਣੀ ਦੇ ਮੁੱਦੇ 'ਤੇ ਕੋਈ ਸਮਝੌਤਾ ਨਹੀਂ ਕਰਨਗੇ। ਇਹ ਬਿਆਨ ਐਸ.ਵਾਈ.ਐੱਲ. ਵਰਗੇ ਸੰਵੇਦਨਸ਼ੀਲ ਮੁੱਦੇ 'ਤੇ ਨਵੀਂ ਬਹਿਸ ਛੇੜ ਸਕਦਾ ਹੈ ਜੋ ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿਚਕਾਰ ਦਹਾਕਿਆਂ ਤੋਂ ਚੱਲ ਰਿਹਾ ਹੈ।

ਪੰਜਾਬ ਦੇ ਲੋਕਾਂ ਲਈ ਪਾਣੀ ਦੀ ਰੱਖਿਆ ਅਤੇ ਨਹਿਰਾਂ ਦੀ ਸੁਧਾਰ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕੀਤੇ ਜਾ ਰਹੇ ਯਤਨਾਂ ਨੂੰ ਲੈ ਕੇ ਮੁੱਖ ਮੰਤਰੀ ਨੇ ਵਿਸ਼ਵਾਸ ਜਤਾਇਆ ਕਿ ਭਵਿੱਖ ਵਿੱਚ ਵੀ ਪੰਜਾਬ ਦੇ ਖੇਤਾਂ ਨੂੰ ਪਾਣੀ ਪਹੁੰਚਾਉਣ ਲਈ ਨਵੇਂ ਪ੍ਰੋਜੈਕਟ ਚਲਾਏ ਜਾਣਗੇ। ਉਨ੍ਹਾਂ ਨੇ ਵਿਰੋਧੀ ਪਾਰਟੀਆਂ 'ਤੇ ਵੀ ਨਿਸ਼ਾਨਾ ਸਾਧਿਆ ਕਿ ਉਹ ਸਿਰਫ਼ ਰਾਜਨੀਤੀ ਕਰਦੇ ਹਨ ਪਰ ਅਸਲ ਵਿੱਚ ਪੰਜਾਬ ਦੇ ਹਿੱਤਾਂ ਨਾਲ ਖਿਲਵਾੜ ਕੀਤਾ ਹੈ। ਇਸ ਤਰ੍ਹਾਂ ਦੇ ਬਿਆਨ ਨਾਲ ਰਾਜਨੀਤਿਕ ਮਾਹੌਲ ਵਿੱਚ ਗਰਮੀ ਵਧ ਸਕਦੀ ਹੈ ਅਤੇ ਐਸ.ਵਾਈ.ਐੱਲ. ਮੁੱਦਾ ਫਿਰ ਤੋਂ ਗਰਮ ਹੋ ਸਕਦਾ ਹੈ।

## ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਵਿੱਚ ਭਾਰਤ-ਪਾਕਿਸਤਾਨ ਸਰਹੱਦ ਨੇੜੇ ਤਾਇਨਾਤ ਦੋ ਪੁਲਿਸ ਮੁਲਾਜ਼ਮਾਂ ਦੇ ਬੇਰਹਿਮ ਕਤਲ ਦਾ ਮਾਮਲਾ ਬਹੁਤ ਗੰਭੀਰ ਸੀ।

### ਇਸ ਘਟਨਾ ਨੇ ਪੂਰੇ ਸੂਬੇ ਵਿੱਚ ਸਨਸਨੀ ਫੈਲਾ ਦਿੱਤੀ ਸੀ



ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਵਿੱਚ ਭਾਰਤ-ਪਾਕਿਸਤਾਨ ਸਰਹੱਦ ਨੇੜੇ ਤਾਇਨਾਤ ਦੋ ਪੁਲਿਸ ਮੁਲਾਜ਼ਮਾਂ ਦੇ ਬੇਰਹਿਮ ਕਤਲ ਦਾ ਮਾਮਲਾ ਬਹੁਤ ਗੰਭੀਰ ਸੀ। ਇਸ ਘਟਨਾ ਨੇ ਪੂਰੇ ਸੂਬੇ ਵਿੱਚ ਸਨਸਨੀ ਫੈਲਾ ਦਿੱਤੀ ਸੀ। ਬੀਤੇ ਐਤਵਾਰ ਨੂੰ ਸਰਹੱਦ ਤੋਂ ਮਹਿਜ਼ 2 ਕਿਲੋਮੀਟਰ ਦੂਰ ਆਦੀਆਂ ਪਿੰਡ ਵਿੱਚ ਪੁਲਿਸ ਚੌਕੀ 'ਤੇ ਤਾਇਨਾਤ ਏ.ਐੱਸ.ਆਈ. ਗੁਰਨਾਮ ਸਿੰਘ ਅਤੇ ਹੋਮ ਗਾਰਡ ਅਸ਼ੋਕ ਕੁਮਾਰ ਦੀਆਂ ਗੋਲੀਆਂ ਨਾਲ ਵਿੰਨ੍ਹੀਆਂ ਲਾਸ਼ਾਂ ਮਿਲੀਆਂ ਸਨ। ਇਹ ਇਲਾਕਾ ਡਰੋਨ ਰਾਹੀਂ ਹੈਰੋਇਨ ਅਤੇ ਹਥਿਆਰਾਂ ਦੀ ਤਸਕਰੀ ਲਈ ਜਾਣਿਆ ਜਾਂਦਾ ਹੈ ਅਤੇ ਬਹੁਤ ਸੰਵੇਦਨਸ਼ੀਲ ਮੰਨਿਆ ਜਾਂਦਾ ਹੈ।ਪਹਿਲਾਂ ਇਸ ਕਤਲ ਨੂੰ ਲੈ ਕੇ ਵੱਖ-ਵੱਖ ਖਬਰਾਂ ਸਾਹਮਣੇ ਆਈਆਂ। ਕੁਝ ਰਿਪੋਰਟਾਂ ਵਿੱਚ ਕਿਹਾ ਗਿਆ ਕਿ ਦੋਵੇਂ ਪੁਲਿਸ ਮੁਲਾਜ਼ਮ ਆਪਸ ਵਿੱਚ ਝਗੜੇ ਤੋਂ ਬਾਅਦ ਇੱਕ ਦੂਜੇ 'ਤੇ ਗੋਲੀਆਂ ਚਲਾ ਕੇ ਮਰ ਗਏ ਸਨ। ਪਰ ਬਾਅਦ ਵਿੱਚ ਇਹ ਮਾਮਲਾ ਹੋਰ ਗੰਭੀਰ ਹੋ ਗਿਆ ਜਦੋਂ ਕੁਝ ਅੱਤਵਾਦੀ ਸੰਗਠਨਾਂ ਨੇ ਇਸ ਦੀ ਜ਼ਿੰਮੇਵਾਰੀ ਲਈ ਅਤੇ ਵੀਡੀਓ ਵੀ ਜਾਰੀ ਕੀਤੇ ਗਏ। ਇਸ ਨਾਲ ਸੁਰੱਖਿਆ ਏਜੰਸੀਆਂ 'ਤੇ ਦਬਾਅ ਵਧ ਗਿਆ ਅਤੇ ਪੁਲਿਸ ਨੇ ਤੁਰੰਤ ਜਾਂਚ ਸ਼ੁਰੂ ਕਰ ਦਿੱਤੀ। ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਇਸ ਘਟਨਾ 'ਤੇ ਦੁੱਖ ਜ਼ਾਹਰ ਕੀਤਾ ਅਤੇ ਪੀੜਤ ਪਰਿਵਾਰਾਂ ਨੂੰ 1-1 ਕਰੋੜ ਰੁਪਏ ਦੀ ਮੁਆਵਜ਼ਾ ਰਾਸ਼ੀ ਦਾ ਐਲਾਨ ਕੀਤਾ। ਉਨ੍ਹਾਂ ਨੇ ਇਸ ਨੂੰ ਪਾਕਿਸਤਾਨ ਵੱਲੋਂ ਰਚੀ ਸਾਜ਼ਿਸ਼ ਦੱਸਿਆ ਅਤੇ ਕਿਹਾ ਕਿ ਸਰਹੱਦ ਪਾਰੋਂ ਹੀ ਇਹ ਵਾਰਦਾਤ ਕਰਵਾਈ ਗਈ ਹੈ।ਪੰਜਾਬ ਪੁਲਿਸ ਨੇ ਇਸ ਮਾਮਲੇ ਵਿੱਚ ਤੇਜ਼ੀ ਨਾਲ ਕਾਰਵਾਈ ਕੀਤੀ। ਗੁਰਦਾਸਪੁਰ ਦੇ ਐੱਸ.ਐੱਸ.ਪੀ. ਆਦਿਤਿਆ ਦੇ ਅਨੁਸਾਰ, ਕਤਲ ਦੇ ਦੋ ਮੁਲਜ਼ਮਾਂ ਨੂੰ ਟਰੇਸ ਕੀਤਾ ਗਿਆ। ਇੱਕ ਮੁਲਜ਼ਮ ਦਿਲਾਵਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ, ਜੋ ਅਲੀਨੰਗਲ ਪਿੰਡ ਦਾ ਰਹਿਣ ਵਾਲਾ ਹੈ। ਦੂਜੇ ਮੁਲਜ਼ਮ ਰਣਜੀਤ ਸਿੰਘ ਨੂੰ ਐਨਕਾਊਂਟਰ ਵਿੱਚ ਮਾਰ ਦਿੱਤਾ ਗਿਆ। ਇਹ ਐਨਕਾਊਂਟਰ ਗੁਰਦਾਸਪੁਰ-ਮੁਕੇਰੀਆਂ ਰੋਡ 'ਤੇ ਹੋਇਆ ਜਦੋਂ ਪੁਲਿਸ ਨੇ ਨਾਕਾ ਲਾਇਆ ਹੋਇਆ ਸੀ। ਮੁਲਜ਼ਮ ਮੋਟਰਸਾਈਕਲ 'ਤੇ ਆ ਰਿਹਾ ਸੀ ਅਤੇ ਪੁਲਿਸ ਨੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਫਾਇਰਿੰਗ ਸ਼ੁਰੂ ਕਰ ਦਿੱਤੀ। ਜਵਾਬੀ ਫਾਇਰਿੰਗ ਵਿੱਚ ਰਣਜੀਤ ਸਿੰਘ ਗੰਭੀਰ ਰੂਪ ਨਾਲ ਜ਼ਖਮੀ ਹੋ ਗਿਆ ਅਤੇ ਹਸਪਤਾਲ ਪਹੁੰਚਾਉਣ ਤੋਂ ਪਹਿਲਾਂ ਹੀ ਉਸ ਦੀ ਮੌਤ ਹੋ ਗਈ। ਇਸ ਮੁਕਾਬਲੇ ਵਿੱਚ ਕੁਝ ਪੁਲਿਸ ਮੁਲਾਜ਼ਮ ਵੀ ਜ਼ਖਮੀ ਹੋਏ ਪਰ ਉਨ੍ਹਾਂ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ।ਪੁਲਿਸ ਸੂਤਰਾਂ ਮੁਤਾਬਕ ਇਹ ਕਤਲ ਸਰਹੱਦ ਪਾਰੋਂ ਰਚੀ ਗਈ ਸਾਜ਼ਿਸ਼ ਸੀ। ਕੁਝ ਰਿਪੋਰਟਾਂ ਵਿੱਚ ਦੱਸਿਆ ਗਿਆ ਕਿ ਇੱਕ 19 ਸਾਲਾ ਨੌਜਵਾਨ ਨੂੰ ਮਾਮੂਲੀ ਰਕਮ (ਲਗਭਗ 2 ਲੱਖ ਰੁਪਏ) ਵਿੱਚ ਕਤਲ ਦਾ ਟਾਸਕ ਦਿੱਤਾ ਗਿਆ ਸੀ। ਇਸ ਵਿੱਚ ISI ਅਤੇ ਅੱਤਵਾਦੀ ਤੱਤਾਂ ਦਾ ਹੱਥ ਹੋਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਇਹ ਘਟਨਾ ਪੰਜਾਬ ਵਿੱਚ ਵਧ ਰਹੇ ਅੱਤਵਾਦ ਅਤੇ ਗੈਂਗਸਟਰ ਵਾਰਦਾਤਾਂ ਦੇ ਦੇਨਜ਼ਰ ਬਹੁਤ ਮਹੱਤਵਪੂਰਨ ਹੈ। ਪੁਲਿਸ ਨੇ ਆਪਣੀ ਬਹਾਦਰੀ ਨਾਲ ਇੱਕ ਮੁਲਜ਼ਮ ਨੂੰ ਮੌਤ ਦੇ ਘਾਟ ਉਤਾਰ ਕੇ ਅਤੇ ਦੂਜੇ ਨੂੰ ਗ੍ਰਿਫ਼ਤਾਰ ਕਰਕੇ ਤੁਰੰਤ ਕਾਰਵਾਈ ਕੀਤੀ।ਇਹ ਮਾਮਲਾ ਹੁਣ ਵੀ ਜਾਂਚ ਅਧੀਨ ਹੈ ਅਤੇ ਪੁਲਿਸ ਵਧੇਰੇ ਸਬੂਤ ਜੁਟਾ ਰਹੀ ਹੈ। ਸਰਹੱਦੀ ਇਲਾਕਿਆਂ ਵਿੱਚ ਸੁਰੱਖਿਆ ਵਧਾਉਣ ਅਤੇ ਅਜਿਹੀਆਂ ਵਾਰਦਾਤਾਂ ਨੂੰ ਰੋਕਣ ਲਈ ਵਿਸ਼ੇਸ਼ ਟੀਮਾਂ ਤਾਇਨਾਤ ਕੀਤੀਆਂ ਜਾ ਰਹੀਆਂ ਹਨ। ਇਸ ਘਟਨਾ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਕਿ ਪੰਜਾਬ ਪੁਲਿਸ ਆਪਣੇ ਜਵਾਨਾਂ ਦੀ ਰੱਖਿਆ ਅਤੇ ਅਪਰਾਧੀਆਂ ਨੂੰ ਸਜ਼ਾ ਦੇਣ ਲਈ ਵਚਨਬੱਧ ਹੈ।

# ਵਿਦਿਆਰਥੀਆਂ ਅਤੇ ਸਟਾਫ ਲਈ ਹੈਲਥ ਇਨਸ਼ੋਰੰਸ ਸਬੰਧੀ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੇ ਗੁਰੂ ਅਰਜਨ ਦੇਵ ਖਾਲਸਾ ਕਾਲਜ ਚੋਹਲਾ ਸਾਹਿਬ






ਚੋਹਲਾ ਸਾਹਿਬ 25 ਫਰਵਰੀ (ਸਲਦੀਪ ਸਿੱਧੂ,ਪਰਮਿੰਦਰ ਚੋਹਲਾ)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੇ ਗੁਰੂ ਅਰਜਨ ਦੇਵ ਖਾਲਸਾ ਕਾਲਜ ਚੋਹਲਾ ਸਾਹਿਬ ਦੇ ਪ੍ਰਿੰਸੀਪਲ ਡਾ: ਹਰਮਨਦੀਪ ਸਿੰਘ ਦੀ ਯੋਗ ਅਗਵਾਈ ਹੇਠ ਸਟਾਰ ਹੈਲਥ ਐਂਡ ਅਲਾਈਡ ਇਨਸ਼ੋਰੰਸ ਲਿਮਿਟਡ ਕੰਪਨੀ ਵੱਲੋਂ ਵਿਦਿਆਰਥੀਆਂ ਅਤੇ ਸਟਾਫ ਲਈ ਹੈਲਥ ਇਨਸ਼ੋਰੰਸ ਸਬੰਧੀ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਹ ਸੈਮੀਨਾਰ ਕਾਲਜ ਦੇ ਕਾਮਰਸ ਅਤੇ ਕੰਪਿਊਟਰ ਸਾਇੰਸ ਵਿਭਾਗ ਦੇ ਮੁਖੀ ਪ੍ਰੋਫੈਸਰ ਹਿੰਮਤ ਸਿੰਘ ਅਤੇ ਪ੍ਰੋਫੈਸਰ ਪਰਮਜੀਤ ਕੌਰ ਦੀ ਦੇਖ ਰੇਖ ਹੇਠ ਕਰਵਾਇਆ ਗਿਆ। ਜਿਸ ਵਿੱਚ ਅਨਿਲ ਸ਼ਰਮਾ ਜੋਨਲ ਟਰੇਨਿੰਗ ਹੈਡ ਨੇ ਸਿਹਤ ਬੀਮੇ ਦੀ ਮਹੱਤਤਾ ਵੱਖ-ਵੱਖ ਪੋਲਸੀਆਂ, ਪ੍ਰੀਮੀਅਮ ਕਵਰੇਜ ਅਤੇ ਕਲੇਮ ਪ੍ਰਕਿਰਿਆ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਵਕਤਾਵਾ ਨੇ ਦੱਸਿਆ ਕਿ ਅਜੋਕੇ ਸਮੇਂ ਵਿੱਚ ਅਚਾਨਕ ਆਉਣ ਵਾਲੀਆਂ ਬਿਮਾਰੀਆਂ ਅਤੇ ਹਾਦਸਿਆਂ ਤੋਂ ਆਰਥਿਕ ਸੁਰੱਖਿਆ ਲਈ ਹੈਲਥ ਇਨਸ਼ੋਰੰਸ ਬਹੁਤ ਹੀ ਜਰੂਰੀ ਹੈ। ਉਹਨਾਂ ਨੇ ਕੈਸ਼ਲੈਸ ਇਲਾਜ, ਪਰਿਵਾਰ ਫਲੋਟਰ ਪਲਾਨ ਅਤੇ ਵਿਦਿਆਰਥੀਆਂ ਲਈ ਵਿਸ਼ੇਸ਼ ਯੋਜਨਾਵਾਂ ਬਾਰੇ ਚਰਚਾ ਕੀਤੀ। ਸੈਮੀਨਾਰ ਦੌਰਾਨ ਵਿਦਿਆਰਥੀਆਂ ਨੇ ਆਪਣੇ ਸਵਾਲ ਪੁੱਛੇ ਜਿਨਾਂ ਦੇ ਮੈਡਮ ਸ਼ਿਵਾਨੀ ਚੋਪੜਾ ਬ੍ਰਾਂਚ ਟ੍ਰੇਨਿੰਗ ਹੈੱਡ ਦੁਆਰਾ ਸੰਤੋਖਜਨਕ ਉੱਤਰ ਦਿੱਤੇ ਗਏ। ਪ੍ਰੋਗਰਾਮ ਦੇ ਅੰਤ ਵਿੱਚ ਕਾਲਜ ਦੇ ਕੰਪਿਊਟਰ ਵਿਭਾਗ ਦੇ ਮੁਖੀ ਪ੍ਰੋ ਹਿੰਮਤ ਸਿੰਘ ਦੁਆਰਾ ਕੰਪਨੀ ਦੇ ਪ੍ਰਤੀਨਿਧੀਆਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਅਜਿਹੇ ਜਾਣਕਾਰੀ ਭਰਪੂਰ ਕਾਰਜਕਰਮ ਵਿਦਿਆਰਥੀਆਂ ਲਈ ਬਹੁਤ ਹੀ ਲਾਭਦਾਇਕ ਸਾਬਤ ਹੁੰਦੇ ਹਨ। ਇਸੇ ਲਈ ਸਮੇਂ-ਸਮੇਂ ਤੇ ਵਿਦਿਆਰਥੀਆਂ ਦੇ ਲਈ ਅਜਿਹੇ ਟਰੇਨਿੰਗ ਪ੍ਰੋਗਰਾਮ ਉਲੀਕੇ ਜਾਂਦੇ ਹਨ। ਇਸੇ ਦੌਰਾਨ ਉਹਨਾਂ ਨੇ ਸਮੂਹ ਸਟਾਫ ਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।

# ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਦੀ ਬਰਸੀ 28 ਫ਼ਰਵਰੀ ਨੂੰ ਪਿੰਡ ਬ੍ਰਹਮਪੁਰਾ ਵਿਖੇ ਮਨਾਈ ਜਾਵੇਗੀ: ਰਵਿੰਦਰ ਸਿੰਘ ਬ੍ਰਹਮਪੁਰਾ, ਗੁਰਸੇਵਕ ਸਿੰਘ ਸ਼ੇਖ਼



**ਚੋਹਲਾ ਸਾਹਿਬ 25 ਫਰਵਰੀ (ਸਲਦੀਪ ਸਿੱਧੂ,ਪਰਮਿੰਦਰ ਚੋਹਲਾ) |**

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਅਕਾਲੀ ਆਗੂ ਤੇ ਮਾਝੇ ਦੇ ਜਰਨੈਲ ਮੰਨੇ ਜਾਣ ਵਾਲੇ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਦੀ ਬਰਸੀ ਸਮੂਹ ਬ੍ਰਹਮਪੁਰਾ ਪਰਿਵਾਰ ਵੱਲੋਂ 28 ਫ਼ਰਵਰੀ ਦਿਨ ਸ਼ਨੀਵਾਰ ਨੂੰ ਉਹਨਾਂ ਦੇ ਗ੍ਰਹਿ ਪਿੰਡ ਬ੍ਰਹਮਪੁਰਾ, ਹਲਕਾ ਖਡੂਰ ਸਾਹਿਬ ਵਿਖੇ ਸ਼ਰਧਾ ਤੇ ਸਤਿਕਾਰ ਨਾਲ ਮਨਾਈ ਜਾਵੇਗੀ।ਇਸ ਸਬੰਧੀ ਜਾਣਕਾਰੀ ਦਿੰਦਿਆਂ ਉਹਨਾਂ ਦੇ ਸਪੁੱਤਰ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅਤੇ ਸਾਬਕਾ ਵਿਧਾਇਕ ਹਲਕਾ ਖਡੂਰ ਸਾਹਿਬ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਦੱਸਿਆ ਕਿ ਇਸ ਮੌਕੇ 'ਤੇ ਪਾਠ ਦੇ ਭੋਗ ਉਪਰੰਤ ਸ਼ਰਧਾਂਜਲੀ ਸਮਾਗਮ ਕਰਵਾਇਆ ਜਾਵੇਗਾ, ਜਿਸ ਵਿੱਚ ਵੱਖ-ਵੱਖ ਰਾਜਨੀਤਿਕ, ਧਾਰਮਿਕ ਅਤੇ ਸਮਾਜਿਕ ਸ਼ਖਸ਼ੀਅਤਾਂ ਹਾਜ਼ਰੀ ਭਰਨਗੀਆਂ। ਬ੍ਰਹਮਪੁਰਾ ਤੇ ਸੀਨੀਅਰ ਅਕਾਲੀ ਆਗੂ ਗੁਰਸੇਵਕ ਸਿੰਘ ਸ਼ੇਖ਼ ਨੇ ਕਿਹਾ ਕਿ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਇੱਕ ਬੇਦਾਗ, ਨਿਰਭੀਕ ਅਤੇ ਅਡੋਲ ਸ਼ਖਸ਼ੀਅਤ ਸਨ, ਜਿਨ੍ਹਾਂ ਨੇ ਆਪਣੀ ਪੂਰੀ ਜ਼ਿੰਦਗੀ ਪੰਜਾਬ, ਪੰਥ ਅਤੇ ਲੋਕਾਂ ਦੀ ਸੇਵਾ ਲਈ ਸਮਰਪਿਤ ਕੀਤੀ। ਉਹ ਮਾਝੇ ਦੀ ਸਿਆਸਤ ਵਿੱਚ ਇਕ ਮਜ਼ਬੂਤ ਸਤੰਭ ਸਨ ਅਤੇ ਹਮੇਸ਼ਾਂ ਸਿਧਾਂਤਕ ਰਾਜਨੀਤੀ ਦੇ ਹਾਮੀ ਰਹੇ।ਜਥੇਦਾਰ ਬ੍ਰਹਮਪੁਰਾ ਕਈ ਵਾਰ ਵਿਧਾਇਕ ਰਹੇ ਅਤੇ ਖਡੂਰ ਸਾਹਿਬ ਹਲਕੇ ਦੀ ਨੁਮਾਇੰਦਗੀ ਕਰਦੇ ਹੋਏ ਇਲਾਕੇ ਦੇ ਵਿਕਾਸ ਲਈ ਅਹਿਮ ਯੋਗਦਾਨ ਪਾਇਆ। ਉਹ ਪੰਜਾਬ ਸਰਕਾਰ ਵਿੱਚ ਦੋ ਵਾਰ ਕੈਬਿਨੇਟ ਮੰਤਰੀ ਵਜੋਂ ਵੀ ਸੇਵਾ ਨਿਭਾ ਚੁੱਕੇ ਸਨ। ਇਸ ਤੋਂ ਇਲਾਵਾ ਉਹ ਲੋਕ ਸਭਾ ਦੇ ਮੈਂਬਰ ਵਜੋਂ ਵੀ ਦੇਸ਼ ਦੀ ਸੰਸਦ ਵਿੱਚ ਪੰਜਾਬ ਦੇ ਹੱਕਾਂ ਦੀ ਆਵਾਜ਼ ਬਣੇ। ਲੋਕਾਂ ਨਾਲ ਸਿੱਧੀ ਗੱਲਬਾਤ ਅਤੇ ਸਾਦਗੀਪੂਰਨ ਜੀਵਨ ਸ਼ੈਲੀ ਕਰਕੇ ਉਹ ਹਰ ਵਰਗ ਵਿੱਚ ਲੋਕਪ੍ਰਿਯ ਸਨ।ਰਵਿੰਦਰ ਸਿੰਘ ਬ੍ਰਹਮਪੁਰਾ ਨੇ ਕਿਹਾ ਕਿ ਜਥੇਦਾਰ ਸਾਹਿਬ ਦੀ ਕਮੀ ਕਦੇ ਪੂਰੀ ਨਹੀਂ ਹੋ ਸਕਦੀ, ਪਰ ਉਹਨਾਂ ਦੇ ਦੱਸੇ ਰਸਤੇ 'ਤੇ ਚੱਲ ਕੇ ਹੀ ਅਸਲੀ ਸ਼ਰਧਾਂਜਲੀ ਦਿੱਤੀ ਜਾ ਸਕਦੀ ਹੈ। ਉਹਨਾਂ ਨੇ ਸਮੂਹ ਇਲਾਕਾ ਵਾਸੀਆਂ ਅਤੇ ਪਾਰਟੀ ਵਰਕਰਾਂ ਨੂੰ ਬਰਸੀ ਸਮਾਗਮ ਵਿੱਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ। ਇਸ ਮੌਕੇ ਰਵਿੰਦਰ ਸਿੰਘ ਬ੍ਰਹਮਪੁਰਾ ਅਤੇ ਚੇਅਰਮੈਨ ਗੁਰਸੇਵਕ ਸਿੰਘ ਸ਼ੇਖ਼ ਤੋਂ ਇਲਾਵਾ ਹੋਰ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸਹਿਬਾਨ ਮੌਜੂਦ ਸਨ।



# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੀ ਹੋਈ ਅਹਿਮ ਮੁੱਦਿਆਂ ਨੂੰ ਲੈ ਕੇ ਮੀਟਿੰਗ

## ਕਿ ਜਥੇਬੰਦੀ ਭਾਰਤ ਅਮਰੀਕਾ ਵਪਾਰ ਸਮਝੌਤੇ ਦੀ ਨਿਖੇਦੀ ਕਰਦੀ ਹੈ ।

ਚੋਹਲਾ ਸਾਹਿਬ 25 ਫਰਵਰੀ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)
ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਤਰਨ ਤਾਰਨ ਦੇ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ ਦੀ ਪ੍ਰਧਾਨਗੀ ਹੇਠ ਬਾਬਾ ਕਾਹਨ ਸਿੰਘ ਜੀ ਦੇ ਸਥਾਨਾਂ ਤੇ ਪਿੰਡ ਪਿੱਦੀ ਵਿਖੇ ਹੋਈ ਮੀਟਿੰਗ। ਮੀਟਿੰਗ ਨੂੰ ਸੰਬੋਧਿਤ ਕਰਦਿਆਂ ਸੂਬਾ ਆਗੂ ਤੇ ਜ਼ਿਲ੍ਹਾ ਸਕੱਤਰ ਹਰਜਿੰਦਰ ਸਿੰਘ ਸ਼ਕਰੀ, ਫਤਿਹ ਸਿੰਘ ਪਿੱਦੀ,ਜਰਨੈਲ ਸਿੰਘ ਨੂਰਦੀ ਨੇ ਕਿਹਾ ਕਿ ਜਥੇਬੰਦੀ ਭਾਰਤ ਅਮਰੀਕਾ ਵਪਾਰ ਸਮਝੌਤੇ ਦੀ ਨਿਖੇਦੀ ਕਰਦੀ ਹੈ । ਉਨਾਂ ਕਿਹਾ ਇਹ ਸਮਝੌਤਾ ਕਿਸਾਨਾਂ, ਮਜ਼ਦੂਰਾ, ਛੋਟੇ ਵਪਾਰੀਆਂ, ਛੋਟੇ ਉਦਯੋਗਪਤੀਆਂ ਲਈ ਮੌਤ ਦਾ ਵਰੰਟ ਹੈ। ਉਹਨਾਂ ਕਿਹਾ ਇਸ ਸਮਝੌਤੇ ਨਾਲ ਕਿਸਾਨੀ ਕਿੱਤੇ ਨਾਲ ਰਲਦੇ ਸਾਰੇ ਕਿੱਤੇ ਖਤਮ ਹੋ ਜਾਣਗੇ। ਕਿਸਾਨੀ ਤਾਂ ਪਹਿਲਾਂ ਹੀ ਘਾਟੇ ਦਾ ਧੰਦਾ ਬਣਦੀ ਜਾ ਰਹੀ ਹੈ। ਕਿਸਾਨ ਖੁਦਕੁਸ਼ੀਆਂ ਕਰਨ ਲਈ ਮਜਬੂਰ ਹੋ ਰਹੇ ਹਨ। ਇਸ ਸਮਝੌਤੇ ਨਾਲ ਕਿਸਾਨ ਤਬਾਹ ਹੋ ਜਾਣਗੇ ।ਉਹਨਾਂ ਕਿਹਾ ਪਹਿਲਾਂ ਇੱਕ ਈਸਟ ਇੰਡੀਆ ਕੰਪਨੀ ਭਾਰਤ ਆਈ ਸੀ ਤੇ ਸਾਰੇ ਭਾਰਤ ਤੇ ਰਾਜ ਕਰਕੇ ਭਾਰਤ ਵਿੱਚੋਂ ਵੱਡੇ ਖਣਿਜ ਪਦਾਰਥ ਲੁੱਟ ਕੇ ਭਾਰਤ ਨੂੰ ਕੰਗਾਲ ਬਣਾ ਕੇ ਚਲੀ ਗਈ। ਇਸੇ ਤਰ੍ਹਾਂ ਹੀ ਫੇਰ ਭਾਰਤ ਅਮਰੀਕਾ ਨਾਲ ਇਹ ਸਮਝੌਤਾ ਕਰਕੇ ਬਹੁਤ ਵੱਡੀ ਗਲਤੀ ਕਰ ਰਿਹਾ ਹੈ। ਅੱਗੇ ਕਿਸਾਨ ਆਗੂ ਹਰਬਿੰਦਰਜੀਤ ਸਿੰਘ ਕੰਗ, ਬੀਬੀ ਰਣਜੀਤ ਕੌਰ ਕੱਲਾ, ਬੀਬੀ ਉਪਜੀਤ ਕੌਰ ਨੇ ਕਿਹਾ ਕਿ ਪੰਜਾਬ ਵਿੱਚ ਹੱਕ ਸੱਚ ਦੀ ਗੱਲ ਕਰਨ ਵਾਲੇ ਹਰ ਵਰਗ ਨੂੰ ਦਬਾਉਣ ਲਈ ਭਗਵੰਤ ਮਾਨ ਦੀ ਸਰਕਾਰ ਪ੍ਰਸ਼ਾਸਨ ਦਾ ਵੱਡਾ ਸਹਾਰਾ ਲੈ ਰਹੀ ਹੈ, ਉਹਨਾਂ ਕਿਹਾ ਕਿ ਜੋ ਪਿਛਲੇ ਦਿਨੀ ਬਠਿੰਡਾ ਵਿੱਚ ਸਰਕਾਰ ਵੱਲੋਂ ਵਰਤਾਂਰਾ ਸਿਰਜਿਆ ਅਤੇ ਹੁਣ ਸਮਾਣਾ ਵਿੱਚ ਕਿਸਾਨਾਂ ਤੇ ਲਾਠੀ ਚਾਰਜ ਕੀਤਾ ।ਇਸੇ ਤਰ੍ਹਾਂ ਪੱਤਰਕਾਰਾ ਦੀ ਆਵਾਜ਼ ਵੀ ਦੁਬਾਈ ਜਾ ਰਹੀ ਹੈ।ਉਸ ਦੀ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਡੇ ਪੱਧਰ ਤੇ ਨਿਖੇਦੀ ਕਰਦੀ ਹੈ । ਇਸ ਮੌਕੇ ਪਰਮਜੀਤ ਸਿੰਘ ਛੀਨਾ, ਨਿਰੰਜਨ ਸਿੰਘ ਬਰਗਾੜੀ, ਮਨਜਿੰਦਰ ਸਿੰਘ ਗੋਹਲਵੜ, ਕੁਲਵਿੰਦਰ ਸਿੰਘ ਕੈਰੋਵਾਲ, ਗਿਆਨ ਸਿੰਘ ਚੋਹਲਾ ਖੁਰਦ, ਸੁਖਵਿੰਦਰ ਸਿੰਘ ਦੁੱਗਲਵਾਲਾ,ਮਨਜੀਤ ਸਿੰਘ ਕਰਮੂਵਾਲਾ, ਪਰਮਜੀਤ ਸਿੰਘ ਤਲਵੰਡੀ, ਦਲਬੀਰ ਸਿੰਘ ਭੂਰਾ,ਸਤਨਾਮ ਸਿੰਘ ਖੋਜਕੀਪੁਰ, ਕੁਲਦੀਪ ਸਿੰਘ ਵੈਂਈਪੂਈ, ਦਿਲਬਾਗ ਸਿੰਘ ਪਹੂਵਿੰਡ, ਸਰਵਨ ਸਿੰਘ ਵਲੀਪੁਰ,ਸਵਰਨ ਸਿੰਘ ਹਰੀਕੇ ਆਦਿ ਆਗੂ ਹਾਜ਼ਰ ਸਨ

# ਤਰਨ ਤਾਰਨ ਵਿਖੇ ਜਨਗਣਨਾ 2027 ਸਬੰਧੀ ਦੋ ਦਿਨਾ ਟ੍ਰੇਨਿੰਗ ਵਰਕਸ਼ਾਪ ਸ਼ੁਰੂ



**ਤਰਨ ਤਾਰਨ 25 ਫਰਵਰੀ (ਗੁਰਪ੍ਰੀਤ ਸਿੰਘ ਕੱਦਗਿੱਲ) |**

ਅੱਜ ਜ਼ਿਲ੍ਹਾ ਤਰਨ ਤਾਰਨ ਵਿਖੇ ਜਨਗਣਨਾ 2027 ਸਬੰਧੀ ਦੋ ਦਿਨਾ ਟ੍ਰੇਨਿੰਗ ਵਰਕਸ਼ਾਪ ਡਿਪਟੀ ਕਮਿਸ਼ਨਰ ਸ਼੍ਰੀ ਰਾਹੁਲ ਦੀ ਪ੍ਰਧਾਨਗੀ ਹੇਠ ਸ਼ੁਰੂ ਹੋਈ। ਇਸ ਵਰਕਸ਼ਾਪ ਵਿਚ ਜਨਗਣਨਾ ਵਿਭਾਗ ਵੱਲੋਂ ਸਹਾਇਕ ਡਾਇਰੈਕਟਰ ਸਵਦੇਸ਼ ਪ੍ਰਤਾਪ ਸਿੰਘ ਅਤੇ ਸਟੈਟਿਸਟਿਕਲ ਇਨਵੈਸਟੀਗੇਟਰ ਗਰੇਡ -2 ਓਮਵੀਰ ਵੱਲੋਂ ਟ੍ਰੇਨਿੰਗ ਦਿੱਤੀ ਗਈ।

ਇਸ ਮੌਕੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪਹਿਲੀ ਵਾਰ ਇਹ ਜਨਗਣਨਾ ਪੂਰੀ ਤਰ੍ਹਾਂ ਡਿਜੀਟਲ ਮੋਡ ਵਿਚ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਜਨਗਣਨਾ ਵਿਚ ਪਹਿਲੀ ਵਾਰ 'ਸੈਲਫ ਇਨੂਮੀਰੇਸ਼ਨ' ਦਾ ਕੰਮ ਸ਼ੁਰੂ ਕੀਤਾ ਗਿਆ ਹੈ, ਜਿਸ ਵਿਚ ਕੋਈ ਵੀ ਨਾਗਰਿਕ ਆਪਣੇ ਘਰ ਦੀ ਗਿਣਤੀ ਮਿਤੀ 30 ਅਪ੍ਰੈਲ 2026 ਤੋਂ 14 ਮਈ 2026 ਤੱਕ ਆਪ ਕਰ ਸਕਦਾ ਹੈ। ਇਸ ਉਪਰੰਤ ਜਨਗਣਨਾ ਦਾ ਪਹਿਲਾ ਫੇਜ਼ 15 ਮਈ 2026 ਤੋਂ 13 ਜੂਨ 2026 ਤੱਕ ਹਾਊਸ ਲਿਸਟਿੰਗ ਵਜੋਂ ਸ਼ੁਰੂ ਕੀਤਾ ਜਾਵੇਗਾ, ਜਿਸ ਵਿਚ ਇਨੂਮੀਰੇਟਰ ਲੋਕਾਂ ਦੇ ਘਰ-ਘਰ ਜਾ ਕੇ ਹਾਊਸ ਲਿਸਟਿੰਗ ਦਾ ਕੰਮ ਕਰਨਗੇ ਅਤੇ ਨਾਗਰਿਕਾਂ ਨੂੰ 33 ਤਰ੍ਹਾਂ ਦੇ ਸਵਾਲ ਪੁੱਛੇ ਜਾਣਗੇ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਸਮੂਹ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਸਰਕਾਰ ਵੱਲੋਂ ਕਰਵਾਏ ਜਾ ਰਹੇ ਜਨਗਣਨਾ ਦੇ ਇਸ ਕੰਮ ਵਿਚ ਪੂਰਨ ਸਹਿਯੋਗ ਕਰਨ। ਇਸ ਵਰਕਸ਼ਾਪ ਵਿਚ ਐਸ.ਡੀ.ਐਮ ਤਰਨ ਤਾਰਨ ਡਾ. ਕਰਨਵੀਰ ਸਿੰਘ, ਐਸ. ਡੀ.ਐਮ ਪੱਟੀ ਸਿਮਰਨਜੀਤ ਸਿੰਘ ਐਸ.ਡੀ.ਐਮ. ਖਡੂਰ ਸਾਹਿਬ ਸੰਜੀਵ ਸ਼ਰਮਾ, ਉਪ ਅਰਥ ਅਤੇ ਅੰਕੜਾ ਸਲਾਹਕਾਰ ਡਾ. ਅਮਨਦੀਪ ਸਿੰਘ, ਸਮੂਹ ਤਹਿਸੀਲਦਾਰਾਂ, ਨਗਰ ਕੌਂਸਲਾਂ ਦੇ ਕਾਰਜਸਾਧਕ ਅਫ਼ਸਰਾਂ, ਸਬੰਧਤ ਚਾਰਜ ਅਫਸਰਾਂ ਦੇ ਕਲਰਕਾਂ ਅਤੇ ਟੈਕਨੀਕਲ ਅਸੀਸਟੈਂਟਾਂ ਵੱਲੋਂ ਭਾਗ ਲਿਆ ਗਿਆ।

ਸ਼ੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ

## ਗੁਰੂ ਅਰਜਨ ਦੇਵ ਖਾਲਸਾ ਕਾਲਜ

ਚੋਹਲਾ ਸਾਹਿਬ, ਜ਼ਿਲ੍ਹਾ ਤਰਨ ਤਾਰਨ

ਸ੍ਰ. ਹਰਜਿੰਦਰ ਸਿੰਘ ਧਾਮੀ
ਪ੍ਰਧਾਨ, ਸ਼੍ਰੋ. ਗੁ. ਪ੍ਰਬੰਧਕ ਕਮੇਟੀ

ਜਥੇ. ਗੁਰਬਚਨ ਸਿੰਘ ਕਰਮੂੰਵਾਲਾ
ਮੈਂਬਰ ਸ਼੍ਰੋ. ਗੁ. ਪ੍ਰਬੰਧਕ ਕਮੇਟੀ

**Courses Offered**

Post Graduation : • M.Sc. (Comp. Sci.) • M.Com.
Graduation : • BCA • B.Sc.(IT) • B.Sc. (Comp. Sci.) • B.Sc. (Eco.) • B.Sc. (N.Med.) • BBA • B.Com. • B.A.
Diploma : • DCA • PGDCA • DST
ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ

**10+1 & 10+2**
Medical, Non-Medical, Commerce and Arts
ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਮਾਨਤਾ ਪ੍ਰਾਪਤ

- Diploma in Artificial Intelligence
- Diploma in Cyber Security
- Certification Course in Digital Marketing
- Certification Course in Nanny Care

Affiliated to Jagat Guru Nanak Dev Punjab State Open University, Patiala

**ਵਿਸ਼ੇਸ਼ਤਾਵਾਂ**
- ਬਹੁਤ ਘੱਟ ਫ਼ੀਸਾਂ ਅਤੇ ਵੱਧ ਸਹੂਲਤਾਂ
- ਤਜ਼ਰਬੇਕਾਰ ਅਤੇ ਮਿਹਨਤੀ ਸਟਾਫ਼
- ਕੌਮਾਂਤਰੀ ਪੱਧਰ ਦੇ ਖੇਡ ਮੈਦਾਨ
- ਅਤਿ-ਅਧੁਨਿਕ ਕੰਪਿਊਟਰ, ਫਿਜ਼ਿਕਸ, ਕੈਮਿਸਟਰੀ ਅਤੇ ਬਾਇਓਲੋਜੀ ਲੈਬ
- ਅਨੁਸੂਚਿਤ ਜਾਤੀ ਘੱਟ ਗਿਣਤੀ ਵਿਦਿਆਰਥੀਆਂ ਲਈ ਵਜ਼ੀਫਾ
- ਵਿਦਿਆਰਥੀਆਂ ਲਈ ਬੱਸਾਂ ਦਾ ਵਿਸ਼ੇਸ਼ ਪ੍ਰਬੰਧ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੂਲਾਂ ਤੋਂ ਆਏ ਵਿਦਿਆਰਥੀਆਂ, ਸਕੇ ਭੈਣ-ਭਰਾ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਫੀਸਾਂ ਵਿਚ ਵਿਸ਼ੇਸ਼ ਰਿਆਇਤ

ਅੰਮ੍ਰਿਤਧਾਰੀ ਵਿਦਿਆਰਥੀਆਂ ਲਈ ਖ਼ਾਸ ਵਜ਼ੀਫਾ
10+1 ਅਤੇ 10+2 : 5000/- ਰੁਪਏ
ਗ੍ਰੈਜੂਏਸ਼ਨ ਕੋਰਸ : 8000/- ਰੁਪਏ
ਪੋਸਟ ਗ੍ਰੈਜੂਏਸ਼ਨ ਕੋਰਸ : 10000/- ਰੁਪਏ

## MSM CONVENT SCHOOL
DHUN ROAD, CHOHLA SAHIB, DISTT. TARN TARAN

Affiliated to CBSE New Delhi

**ADMISSION OPEN**

PLAYWAY TO XII
• Medical • Non-Medical • Commerce • Arts Stream




*Age criteria as on 31st March

| | |
|---|---|
| Playway : 2+ Years | Nursery : 3 to 4 Years |
| LKG : 4 to 5 Years | UKG : 5 to 6 Years |

FREE ADMISSION IN PLAYWAY NURSERY & LKG for First 50 seats only

- Digital & Smart School • Parent's Orientation
- Emphasis on Creativity, Innovation, Public Speaking & Theatre
- Extensive Sports facilities like Cricket, Basketball, Kabaddi, Wrestling, Badminton, Football, Chess etc.
- FAP State Award for best sports facilities
- FAP National Award for budget-friendly School
- Holistic Development through Experiential Learning

50% Off IN ADMISSION CHARGES FOR ALL CLASSES for First 50 seats only

For Career opportunity : msmconventschool@gmail.com

Limited Seats Available
So Hurry Up! Call Now : 8288073538
msmconventschool@gmail.com
www.msmconventschool.com

## ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ
ਸਰਹਾਲੀ, ਜ਼ਿਲ੍ਹਾ : ਤਰਨ ਤਾਰਨ (ਪੰਜਾਬ) 143410

ਸਰਹਾਲੀ ESTD. 1970

Website : ggskcsarhali.ac.in E-mail : ggscollegesarhali@yahoo.co.in

For Free Registration : Scan QR Code using WhatsApp Camera

ਸ੍ਰੀ ਮਾਨ ਮਹਾਂਪੁਰਖ ਸੰਤ ਬਾਬਾ ਤਾਰਾ ਸਿੰਘ ਜੀ ਨੇ ਵਿੱਦਿਆ ਦਾ ਚਾਨਣ ਘਰ-ਘਰ ਪਹੁੰਚਾਉਣ ਲਈ ਇਸ ਕਾਲਜ ਦੀ ਸਥਾਪਨਾ 1970 ਵਿਚ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਕੀਤੀ ਸੀ। ਉਹਨਾਂ ਤੋਂ ਬਾਅਦ ਸ੍ਰੀ ਮਾਨ ਮਹਾਂਪੁਰਖ ਸੰਤ ਬਾਬਾ ਚਰਨ ਸਿੰਘ ਜੀ ਇਸ ਕਾਲਜ ਦੇ ਸਰਪ੍ਰਸਤ ਬਣੇ। ਮੌਜੂਦਾ ਸਰਪ੍ਰਸਤ ਸੰਤ ਬਾਬਾ ਸੁੱਖਾ ਸਿੰਘ ਜੀ ਦੀ ਰਹਿਨੁਮਾਈ ਹੇਠ ਕਾਲਜ ਵਿੱਚ ਪੋਸਟ-ਗ੍ਰੈਜੂਏਟ ਪੱਧਰ ਤੱਕ ਦੇ ਕੋਰਸ ਚੱਲ ਰਹੇ ਹਨ। ਇਹ ਕਾਲਜ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ. ਨਗਰ, ਪੰਜਾਬ ਤੋਂ ਮਾਨਤਾ ਪ੍ਰਾਪਤ ਗ੍ਰਾਂਟ-ਇਨ-ਏਡ-ਸਕੀਮ ਅਧੀਨ ਪੰਜਾਬ ਸਰਕਾਰ ਅਤੇ ਯੂ.ਜੀ.ਸੀ (ਭਾਰਤ ਸਰਕਾਰ) ਤੋਂ ਸਹਾਇਤਾ ਪ੍ਰਾਪਤ ਕੋ-ਐਜੂਕੇਸ਼ਨਲ ਕਾਲਜ ਹੈ।

**ਸੈਸ਼ਨ 2025-26 ਲਈ ਰਜਿਸਟ੍ਰੇਸ਼ਨ ਅਤੇ ਦਾਖ਼ਲਾ ਸ਼ੁਰੂ**

10+1, 10+2 (ਮੈਡੀਕਲ, ਨਾਨ ਮੈਡੀਕਲ, ਕਾਮਰਸ, ਆਰਟਸ)

| | | | |
|---|---|---|---|
| B.A. | B.C.A. | M.Com. | P.G.D.C.A. |
| B.Sc. (N.M.) | B.Com. | M.A. (Pbi.) | D.C.A. |
| B.Sc. (C.Sc.) | B.Sc. (Eco.) | M.Sc. (IT) | D.S.T. |

ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਨਾਲ ਸਬੰਧਿਤ ਕੋਰਸ

| | | | |
|---|---|---|---|
| B.C.A. | M.A. (Pbi.) | D.I.T. | D.F.D. |
| B.Com. | M.A. (Eng.) | M.Sc. (C.Sc.) | C.G.S.T. |
| B.B.A. | M.C.A. | M.B.A. | |

- Diploma in Care Giver (Old Age Care)
- Diploma in Nanny Care (Early Childhood Care)

**ਵਿਸ਼ੇਸ਼ ਸਹੂਲਤਾਂ**
- ਦਸਵੀਂ/ਬਾਰਵੀਂ ਚੋਂ 90% ਤੋਂ ਵਧੇਰੇ ਅੰਕ ਹਾਸਲ ਕਰਨ ਵਾਲੇ ਵਿਦਿਆਰਥੀ ਨੂੰ 25% ਤੱਕ ਫ਼ੀਸ ਵਿੱਚ ਛੋਟ ਦਿੱਤੀ ਜਾਵੇਗੀ।
- ਇੱਕੋ ਪਰਿਵਾਰ ਦੇ ਸਕੇ ਭੈਣ ਭਰਾ ਨੂੰ ਫ਼ੀਸ ਵਿਚ ਵਿਸ਼ੇਸ਼ ਰਿਆਇਤ।
- ਅਨੁਸੂਚਿਤ ਸ਼੍ਰੇਣੀ (S.C.) ਦੇ ਯੋਗ ਵਿਦਿਆਰਥੀਆਂ ਨੂੰ ਪੰਜਾਬ/ਭਾਰਤ ਸਰਕਾਰ ਦੇ ਨਿਯਮਾਂ ਅਨੁਸਾਰ ਵਜ਼ੀਫ਼ੇ ਦੀ ਸਹੂਲਤ।
- ਗ਼ੈਰ ਸਰਕਾਰੀ ਸੰਸਥਾਵਾਂ ਅਤੇ ਦਾਨੀ ਸੱਜਣਾਂ ਵੱਲੋਂ ਵਿਦਿਆਰਥੀਆਂ ਲਈ ਵਜ਼ੀਫ਼ੇ/ਆਰਥਿਕ ਸਹਾਇਤਾ ਦੀ ਸਹੂਲਤ।
- N.C.C., N.S.S., Gym, ਬੁੱਕਸ਼ਾਪ, ਕੈਫ਼ੇਟੇਰੀਆ ਅਤੇ ਖੇਡਾਂ ਦੀ ਵਿਸ਼ੇਸ਼ ਸਹੂਲਤ। ਉੱਚ ਯੋਗਤਾ ਪ੍ਰਾਪਤ, ਤਜ਼ਰਬੇਕਾਰ ਅਤੇ ਮੇਹਨਤੀ ਸਟਾਫ਼।

ਸ. ਹਰਜਿੰਦਰ ਸਿੰਘ (ਆਨਰੇਰੀ ਸਕੱਤਰ) (ਮੋ) : 98781-70700
Helpline No. : 95011-03467, 98780-68015, 94179-36759, 81469-99004
ਡਾ. ਜਸਬੀਰ ਸਿੰਘ ਗਿੱਲ (ਪ੍ਰਿੰਸੀਪਲ) (ਮੋ) : 95017-46500

ਵਿਦਿਆ ਦਾ ਗੁਰੂਕੁਲ ਗਿਆਨ ਦਾ ਸਾਗਰ
## ਸ਼ਿਪਸ ਇੰਸਟੀਚਿਊਟਸ, ਰਾਣੀਵਲਾਹ
ਤਰਨ ਤਾਰਨ

## SHIPS LONDON KIDS PLAY PEN SCHOOL

*What makes us Special?*
- Loving and Caring Environment
- Dedicated Teachers and Staff
- Individual Education Plans
- Smart Class Room
- Creative Corner
- Big Outdoor Play Area

*Admission Open*

There is no Better Secure, Safe and Fun Place to Leave your Kid than in this School



Transport Facility Available

ਗੁਲਵਿੰਦਰ ਸਿੰਘ ਸੰਧੂ
ਡਾਇਰੈਕਟਰ

ਨਿਰਭੈਅ ਸਿੰਘ
ਪ੍ਰਿੰਸੀਪਲ

School Time : 10-00 am to 12-00 p.m.

Village Raniwallah, Chohla Sahib, TARN TARAN.
Mob. : 98148-64435, 98148-64437

## CALLSTEM SOFTWARE LLP
Unlock your business's true potential with our expertise. Join us today and watch your brand soar!

OUR SERVICES
- Web Design and Development
- Mobile Application Development
- Social Media Management & Marketing
- Graphics Designing
- Custom Software Solutions

Contact - 9463661542

ਵੈਬਸਾਇਟ ਬਣਵਾਉਣ ਲਈ ਸੰਪਰਕ ਕਰੋ
+91 99881 82740